
People's Herald

Rs- 100/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 25 ਜੁਲਾਈ 2025 ਸ਼ੁੱਕਰਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:



1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਪੰਜਾਬ ਸਰਕਾਰ ਵੱਲੋਂ ਮੈਡੀਕਲ ਅਤੇ ਡੈਂਟਲ ਇੰਟਰਨਾਂ ਅਤੇ ਰੈਜ਼ੀਡੈਂਟਾਂ ਦੇ ਮਾਣਭੱਤੇ ਵਿੱਚ ਮਹੱਤਵਪੂਰਨ ਵਾਧਾ: ਹਰਪਾਲ ਚੀਮਾ

## ਨਵੀਆਂ ਮਾਣਭੱਤਾ ਦਰਾਂ: ਇੰਟਰਨ (22,000 ਰੁਪਏ), ਜੂਨੀਅਰ ਰੈਜ਼ੀਡੈਂਟ (76,000 ਰੁਪਏ - 78,000 ਰੁਪਏ), ਸੀਨੀਅਰ ਰੈਜ਼ੀਡੈਂਟ (92,000 ਰੁਪਏ - 94,000 ਰੁਪਏ)

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਜੁਲਾਈ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ: ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੀ ਸਿੱਖਿਆ ਅਤੇ ਸਿਹਤ ਖੇਤਰਾਂ ਨੂੰ ਮਜ਼ਬੂਤ ਕਰਨ ਦੀ ਅਟੁੱਟ ਵਚਨਬੱਧਤਾ 'ਤੇ ਜੋਰ ਦਿੰਦਿਆਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਸੂਬੇ ਦੇ ਸਰਕਾਰੀ ਮੈਡੀਕਲ ਅਤੇ ਡੈਂਟਲ ਕਾਲਜਾਂ ਵਿੱਚ ਇੰਟਰਨਾਂ, ਜੂਨੀਅਰ ਰੈਜ਼ੀਡੈਂਟਾਂ ਅਤੇ ਸੀਨੀਅਰ ਰੈਜ਼ੀਡੈਂਟਾਂ ਦੇ ਪ੍ਰਤੀ ਮਹੀਨਾ ਮਾਣਭੱਤੇ (ਸਟਾਈਫੰਡ) ਵਿੱਚ ਮਹੱਤਵਪੂਰਨ ਵਾਧੇ ਦਾ ਐਲਾਨ ਕੀਤਾ।

ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਹ ਐਲਾਣ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਰਤਮਾਨ ਵਿੱਚ ਪੰਜਾਬ ਦੇ ਸਰਕਾਰੀ ਮੈਡੀਕਲ ਅਤੇ ਡੈਂਟਲ ਕਾਲਜਾਂ ਵਿੱਚ ਇੰਟਰਨਾਂ ਦੀਆਂ 907, ਜੂਨੀਅਰ ਰੈਜ਼ੀਡੈਂਟਾਂ ਦੀਆਂ 1408 ਅਤੇ ਸੀਨੀਅਰ ਰੈਜ਼ੀਡੈਂਟਾਂ ਦੀਆਂ 754 ਮਨਜ਼ੂਰਸ਼ੁਦਾ ਅਸਾਮੀਆਂ ਹਨ। ਉਨ੍ਹਾਂ ਕਿਹਾ ਕਿ ਇੰਟਰਨਾਂ ਲਈ ਮਾਣਭੱਤਾ 15,000 ਰੁਪਏ ਤੋਂ ਵਧਾ ਕੇ 22,000 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ। ਜੂਨੀਅਰ ਰੈਜ਼ੀਡੈਂਟਾਂ ਲਈ ਨਵੇਂ ਮਾਣਭੱਤਾ ਢਾਂਚੇ ਵਿੱਚ ਮੌਜੂਦਾ 67,968 ਰੁਪਏ ਪ੍ਰਤੀ ਮਹੀਨਾ ਤੋਂ ਵੱਧ ਕੇ ਪਹਿਲੇ ਸਾਲ ਵਿੱਚ 76,000 ਰੁਪਏ, ਦੂਜੇ ਸਾਲ ਵਿੱਚ 77,000 ਰੁਪਏ ਅਤੇ ਤੀਜੇ ਸਾਲ ਵਿੱਚ 78,000 ਰੁਪਏ ਹੋ ਜਾਣਗੇ। ਇਸੇ ਤਰ੍ਹਾਂ, ਸੀਨੀਅਰ ਰੈਜ਼ੀਡੈਂਟਾਂ ਨੂੰ ਉਨ੍ਹਾਂ ਦੇ ਮੌਜੂਦਾ 81,562 ਰੁਪਏ ਪ੍ਰਤੀ ਮਹੀਨਾ ਤੋਂ ਵਧ ਕੇ ਪਹਿਲੇ ਸਾਲ ਵਿੱਚ 92,000 ਰੁਪਏ, ਦੂਜੇ ਸਾਲ ਵਿੱਚ 93,000 ਰੁਪਏ ਅਤੇ ਤੀਜੇ ਸਾਲ ਵਿੱਚ 94,000 ਰੁਪਏ ਮਿਲਣਗੇ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਿੱਖਿਆ ਅਤੇ ਸਿਹਤ ਖੇਤਰਾਂ ਲਈ ਲੋੜੀਂਦੇ ਸਰੋਤ ਮੁਹਈਆ ਕਰਨ ਪ੍ਰਤੀ ਰਾਜ ਸਰਕਾਰ ਦੇ ਸਮਰਪਣ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਣਭੱਤਿਆਂ 'ਤੇ ਸਾਲਾਨਾ ਖਰਚਾ, ਜੋ ਵਰਤਮਾਨ ਵਿੱਚ 204.96 ਕਰੋੜ ਰੁਪਏ ਹੈ, ਇਸ ਵਾਧੇ ਤੋਂ ਬਾਅਦ 238.18 ਕਰੋੜ ਰੁਪਏ ਹੋ ਜਾਵੇਗਾ, ਜੋ ਕਿ ਸਾਲਾਨਾ ਲਗਭਗ 33.22 ਕਰੋੜ ਰੁਪਏ ਦਾ ਵਾਧਾ ਦਰਸਾਉਂਦਾ ਹੈ।



ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਰਾਜ ਭਰ ਵਿੱਚ ਸਿਹਤ ਸੰਭਾਲ ਸੁਵਿਧਾਵਾਂ ਦੇ ਵਿਕਾਸ ਪ੍ਰਤੀ ਪੰਜਾਬ ਸਰਕਾਰ ਦੇ ਸੰਕਲਪ ਦੀ ਪੁਸ਼ਟੀ ਵੀ ਕੀਤੀ। ਉਨ੍ਹਾਂ ਇਸ ਮੌਕੇ ਹਾਲ ਹੀ ਵਿੱਚ ਹਰੇਕ ਨਾਗਰਿਕ ਨੂੰ 10 ਲੱਖ ਰੁਪਏ ਦਾ ਬੀਮਾ ਕਵਰ ਪ੍ਰਦਾਨ ਕਰਨ ਦੀ ਸੂਬਾ ਸਰਕਾਰ ਦੀ ਪਹਿਲਕਦਮੀ ਦਾ ਵੀ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਲੋਕ ਭਲਾਈ 'ਤੇ ਸਰਕਾਰ ਦੇ ਫੋਕਸ ਨੂੰ ਦਰਸਾਉਂਦੇ ਹਨ। ਵਿੱਤ ਮੰਤਰੀ ਨੇ ਭਰੋਸਾ ਦਿੱਤਾ ਕਿ ਪੰਜਾਬ ਵਿੱਚ ਸਿਹਤ ਸੰਭਾਲ ਢਾਂਚੇ ਅਤੇ ਸੇਵਾਵਾਂ ਦੇ ਨਿਰੰਤਰ ਵਿਕਾਸ ਅਤੇ ਸੁਧਾਰ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੋਵੇਗੀ।

# ਬਸਪਾ ਦੇ ਆਗੂ ਅਤੇ ਵਰਕਰ ਇਹ ਮਤੇ ਸ੍ਰੀ ਗੁਰੂ ਰਵਿਦਾਸ ਸਭਾਵਾਂ ਤੋਂ ਪਿੰਡਾਂ ਅਤੇ ਸ਼ਹਿਰਾਂ ਚੋਂ ਪਾਸ ਕਰਵਾ ਕੇ ਪਾਰਟੀ ਨੂੰ ਭੇਜਣ-ਕਰੀਮਪੁਰੀ

## ਸ਼ਰਾਬ ਦੇ ਠੇਕੇ ਅਤੇ ਨਾਜਾਇਜ਼ ਬ੍ਰਾਂਚਾਂ ਤੁਰੰਤ ਬੰਦ ਕੀਤੀਆਂ ਜਾਣ। ਅਸੀਂ ਸਰਕਾਰ ਦੀ ਇਸ ਨੀਤੀ ਦੀ ਸਖ਼ਤ ਨਿੰਦਾ ਕਰਦੇ ਹਾਂ,

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਜੁਲਾਈ INTERNATIONAL PAPER, 94636 01616 hardipchumber57@gmail.com

ਸ਼੍ਰੀ ਗੁਰੂ ਰਵਿਦਾਸ ਸਭਾ, ਪਿੰਡ--ਵੱਲੋਂ ਪਾਸ ਕੀਤਾ ਗਿਆ ਮਤਾ,

ਇਹ ਮਤਾ ਸ਼੍ਰੀ ਗੁਰੂ ਰਵਿਦਾਸ ਸਭਾ, ਪਿੰਡ ਵੱਲੋਂ ਸਰਬ ਸੰਮਤੀ ਨਾਲ ਪਾਸ ਕੀਤਾ ਜਾਂਦਾ ਹੈ ਕਿ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਚਰਨ ਛੋਹ ਪ੍ਰਾਪਤ ਧਰਤੀ ਖੁਰਾਲਗੜ੍ਹ ਸਾਹਿਬ ਵਿਖੇ ਪੰਜਾਬ ਦੀ ਮੌਜੂਦਾ 'ਆਮ ਆਦਮੀ ਪਾਰਟੀ' ਦੀ ਸਰਕਾਰ ਵੱਲੋਂ ਖੋਲ੍ਹੇ ਗਏ ਤਿੰਨ ਸ਼ਰਾਬ ਦੇ ਠੇਕਿਆਂ ਅਤੇ ਗੁਰੂ ਘਰਾਂ ਦੇ ਆਸ-ਪਾਸ ਚਲਾਈਆਂ ਜਾ ਰਹੀਆਂ ਨਾਜਾਇਜ਼ ਸ਼ਰਾਬ ਦੀਆਂ ਬ੍ਰਾਂਚਾਂ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਜਾਵੇ।

ਸਭਾ ਇਹ ਜ਼ੋਰਦਾਰ ਮੰਗ ਕਰਦੀ ਹੈ ਕਿ ਉਕਤ ਸਾਰੇ ਸ਼ਰਾਬ ਦੇ ਠੇਕੇ ਅਤੇ ਨਾਜਾਇਜ਼ ਬ੍ਰਾਂਚਾਂ ਤੁਰੰਤ ਬੰਦ ਕੀਤੀਆਂ ਜਾਣ। ਅਸੀਂ ਸਰਕਾਰ ਦੀ ਇਸ ਨੀਤੀ ਦੀ ਸਖ਼ਤ ਨਿੰਦਾ ਕਰਦੇ ਹਾਂ, ਜਿਸ ਤਹਿਤ ਸਾਡੇ ਸ਼ਰਧਾ ਅਤੇ ਪਵਿੱਤਰ ਸਥਾਨ ਨੂੰ ਸ਼ਰਾਬ ਦੇ ਸਥਾਨ ਵਜੋਂ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸ਼੍ਰੀ ਗੁਰੂ ਰਵਿਦਾਸ ਸਭਾ, ਪਿੰਡ, --ਬਹੁਜਨ ਸਮਾਜ ਪਾਰਟੀ ਵੱਲੋਂ ਖੁਰਾਲਗੜ੍ਹ ਸਾਹਿਬ ਦੀ ਧਰਤੀ ਨੂੰ ਪਵਿੱਤਰ ਧਰਤੀ ਐਲਾਨਣ ਅਤੇ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਲਈ ਚਲਾਈ



ਗਈ ਮੁਹਿੰਮ ਦਾ ਪੂਰਨ ਸਮਰਥਨ ਕਰਦੀ ਹੈ। ਅਸੀਂ ਇਸ ਪਵਿੱਤਰ ਸਥਾਨ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਹਰ ਸੰਭਵ ਯਤਨ ਕਰਨ ਦਾ ਪ੍ਰਣ ਕਰਦੇ ਹਾਂ।

# ਪੰਜਾਬ ਵਿੱਚ ਹੈਰਾਨ ਕਰਨ ਵਾਲੀ ਘਟਨਾ! ਹਥਿਆਰਬੰਦ ਬਦਮਾਸ਼ਾਂ ਨੇ ਯਾਤਰੀਆਂ ਨਾਲ ਭਰੀ ਬੱਸ 'ਤੇ ਕੀਤਾ ਹਮਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਜੁਲਾਈ INTERNATIONAL PAPER, 94636 01616 hardipchumber57@gmail.com

25 ਜੁਲਾਈ 2025: ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸੂਹਾ ਇਲਾਕੇ ਵਿੱਚ ਸੋਮਵਾਰ ਸ਼ਾਮ ਨੂੰ ਇੱਕ ਭਿਆਨਕ ਘਟਨਾ ਵਾਪਰੀ। ਇੱਥੇ ਲਗਭਗ ਦੋ ਦਰਜਨ ਹਥਿਆਰਬੰਦ ਬਦਮਾਸ਼ਾਂ ਨੇ ਯਾਤਰੀਆਂ ਨਾਲ ਭਰੀ ਇੱਕ ਬੱਸ 'ਤੇ ਹਮਲਾ ਕਰ ਦਿੱਤਾ। ਬਦਮਾਸ਼ਾਂ ਨੇ ਪਹਿਲਾਂ ਬੱਸ ਨੂੰ ਰੋਕਿਆ, ਫਿਰ ਭੰਨਤੋੜ ਕੀਤੀ ਅਤੇ ਬੱਸ ਡਰਾਈਵਰ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਜਦੋਂ ਕੁਝ ਯਾਤਰੀਆਂ ਨੇ ਡਰਾਈਵਰ ਨੂੰ ਬਚਾਉਣ ਲਈ ਦਖਲ ਦਿੱਤਾ ਤਾਂ ਬਦਮਾਸ਼ਾਂ ਨੇ ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ ਅਤੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ।

ਇਹ ਘਟਨਾ ਦਸੂਹਾ-ਹਾਜੀਪੁਰ ਸੜਕ 'ਤੇ ਵਾਪਰੀ।

ਇਹ ਘਟਨਾ ਦਸੂਹਾ-ਹਾਜੀਪੁਰ ਰੋਡ 'ਤੇ ਬਦਲਾ ਮੋੜ ਨੇੜੇ ਵਾਪਰੀ। ਸ਼ਾਮ ਨੂੰ ਮੋਟਰਸਾਈਕਲਾਂ 'ਤੇ ਸਵਾਰ ਲਗਭਗ ਦੋ ਦਰਜਨ ਹਥਿਆਰਬੰਦ ਬਦਮਾਸ਼ਾਂ ਨੇ ਸੜਕ ਦੇ ਵਿਚਕਾਰ ਬੱਸ ਨੂੰ ਘੇਰ ਲਿਆ ਅਤੇ ਫਿਰ ਭੰਨਤੋੜ ਅਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਬੱਸ ਵਿੱਚ ਮੌਜੂਦ ਇੱਕ ਪੁਲਿਸ ਅਧਿਕਾਰੀ ਨੂੰ ਵੀ ਨਹੀਂ ਬਖਸ਼ਿਆ ਗਿਆ ਅਤੇ ਉਸਦੀ ਵਰਦੀ ਵੀ ਪਾੜ ਦਿੱਤੀ ਗਈ।

ਘਟਨਾ ਤੋਂ ਬਾਅਦ ਪੁਲਿਸ ਨੇ ਇਲਾਕੇ ਵਿੱਚ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਧਿਕਾਰੀਆਂ ਦਾ




ਕਹਿਣਾ ਹੈ ਕਿ ਬਦਮਾਸ਼ਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਨੂੰ ਜਲਦੀ ਹੀ ਫੜ ਲਿਆ ਜਾਵੇਗਾ। ਸਥਾਨਕ ਲੋਕ ਵੀ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਦੀ ਮੰਗ ਕਰ ਰਹੇ ਹਨ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਆਮ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕਰਦੀਆਂ ਹਨ, ਅਤੇ ਉਨ੍ਹਾਂ ਨੂੰ ਪੂਰੀ ਸੁਰੱਖਿਆ ਦਾ ਭਰੋਸਾ ਦਿੱਤਾ ਜਾਣਾ ਚਾਹੀਦਾ ਹੈ। ਪੁਲਿਸ ਅਧਿਕਾਰੀਆਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਅਤੇ ਬਦਮਾਸ਼ਾਂ ਦੀ ਪਛਾਣ ਕਰਨ ਲਈ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ।

# ਹਰਪ੍ਰੀਤ ਸਿੰਘ ਸੋਢੀ ਐਡਵੋਕੇਟ ਦੀਆਂ ਦਲੀਲਾਂ ਨੂੰ ਮੰਨਦੇ ਹੋਏ ਮਾਨਯੋਗ ਅਦਾਲਤ ਵੱਲੋਂ ਪੋਕਸੋ ਐਕਟ ਅਧੀਨ ਮੁਕੱਦਮੇਂ ਵਿੱਚ ਦੋਸ਼ੀ ਬਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜੁਲਾਈ
INTERNATIONAL PAPER, 94636 01616
hardipchumber57@gmail.com

ਪਟਿਆਲਾ- ਸਦਰ ਸਮਾਣਾ ਦੀ ਪੁਲਿਸ ਵੱਲੋਂ ਐਫ.ਆਈ. ਆਰ ਨੰ. 127, ਮਿਤੀ 04.07.2023 ਨੂੰ ਸੰਦੀਪ ਕੌਰ ਪਤਨੀ ਲੇਟ ਸਤਨਾਮ ਸਿੰਘ ਵਾਸੀ ਸਹਿਜਪੁਰ ਕਲਾਂ ਤਹਿਸੀਲ ਸਮਾਣਾ ਦੇ ਬਿਆਨਾਂ ਦੇ ਅਧਾਰ ਤੇ ਦਰਜ ਕੀਤੀ ਸੀ। ਜਿਸ ਵਿੱਚ ਸੰਦੀਪ ਕੌਰ ਨੇ ਗੁਰਪ੍ਰੀਤ ਸਿੰਘ ਪੁੱਤਰ ਇਸ਼ਰ ਸਿੰਘ ਵਾਸੀ ਪਿੰਡ ਮਹਿਮਦਪੁਰ ਖੁਰਦ ਥਾਣਾ ਸਦਰ ਸਮਾਣਾ ਤੇ ਦੋਸ਼ ਲਾਇਆ ਸੀ ਕਿ ਉਕਤ ਵਿਅਕਤੀ ਨੇ ਮੇਰੀ ਨਾਬਾਲਗ ਲੜਕੀ ਕੋਮਲ ਜਿਸਦੀ ਉਮਰ 15 ਸਾਲ ਨਾਲ ਬਲਾਤਕਾਰ ਕੀਤਾ ਹੈ। ਦੋਸ਼ੀ ਗੁਰਪ੍ਰੀਤ ਸਿੰਘ ਗੁਆਂਢੀ ਹੈ, ਜਦੋਂ ਮੈਂ ਕੰਮ ਤੋਂ ਆਪਣੇ ਘਰ ਆਈ ਤਾਂ ਗੁਰਪ੍ਰੀਤ ਸਿੰਘ ਮੇਰੀ ਬੇਟੀ ਨਾਲ ਜਬਰ ਜਨਾਹ ਕਰ ਰਿਹਾ ਸੀ ਅਤੇ ਉਹ ਮੈਨੂੰ ਧੱਕਾ ਦੇ ਕੇ ਭੱਜ ਗਿਆ ਸੀ। ਮਨਦੀਪ ਕੌਰ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਇਹ ਵੀ ਦੱਸਿਆ ਸੀ ਕਿ ਨਾਲ ਗੁਰਪ੍ਰੀਤ ਸਿੰਘ ਬੇਟੀ ਕੋਮਲ ਨੂੰ ਘੜੀਸ ਕੇ ਦੂਜੇ ਕਮਰੇ ਵਿੱਚ ਲੈ ਕੇ ਗਿਆ ਸੀ। ਜਿਸ ਉਪਰਾਂਤ ਥਾਣਾ ਸਦਰ ਸਮਾਣਾ ਪੁਲਿਸ ਵੱਲੋਂ ਧਾਰਾ 376/ 506 ਆਈ.ਪੀ.ਸੀ ਸੈਕਸ਼ਨ 4 (ਪੋਕਸੋ ਐਕਟ) ਦਾ ਮੁਕੱਦਮਾ ਦਰਜ ਕੀਤਾ ਸੀ। ਸ਼ਿਕਾਇਤ ਕਰਤਾ ਕੋਈ ਵੀ ਪੁਖਤਾ ਸਬੂਤ ਨਾ ਪੇਸ਼ ਕਰ ਸਕੀ। ਮਾਨਯੋਗ ਨਵਦੀਪ



ਕੌਰ ਗਿੱਲ ਐਡੀਸ਼ਨਲ ਸ਼ੈਸ਼ਨ ਜੱਜ ਪਟਿਆਲਾ ਨੇ ਐਡਵੋਕੇਟ ਹਰਪ੍ਰੀਤ ਸਿੰਘ ਸੋਢੀ ਦੀਆਂ ਦਲੀਲਾਂ ਮੰਨਦਿਆਂ ਦੋਸ਼ੀ ਗੁਰਪ੍ਰੀਤ ਸਿੰਘ ਨੂੰ ਬਾਇੱਜਤ ਬਰੀ ਕਰ ਦਿੱਤਾ।

# ਸਾਂਝੇ ਅਧਿਆਪਕ ਮੋਰਚੇ ਦੀ ਮੀਟਿੰਗ ਡੀ. ਐਸ. ਈ. (ਸੈ. ਸਿੱ.) ਨਾਲ ਹੋਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜੁਲਾਈ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ / ਮੋਹਾਲੀ ( ) ਸਾਂਝੇ ਅਧਿਆਪਕ ਮੋਰਚੇ ਦੀ ਅਹਿਮ ਮੀਟਿੰਗ ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੁਮਾਰ ਪੁਆਰੀ, ਨਵਪ੍ਰੀਤ ਸਿੰਘ ਬੱਲੀ, ਲਛਮਣ ਸਿੰਘ ਨਬੀਪੁਰ, ਬਿਕਰਮਜੀਤ ਸਿੰਘ ਕੱਦੋਂ, ਕੁਲਵਿੰਦਰ ਸਿੰਘ ਬਰਾੜ, ਹਰਜੰਟ ਸਿੰਘ ਬੋਡੇ, ਸੁਲੱਖਣ ਸਿੰਘ ਬੇਰੀ, ਨਰੰਜਣਜੋਤ ਸਿੰਘ ਚਾਂਦਪੁਰੀ ਦੀ ਅਗਵਾਈ ਵਿੱਚ ਡਾਇਰੈਕਟਰ ਸਕੂਲ ਸਿੱਖਿਆ (ਸੈ. ਸਿੱ.) ਗੁਰਿੰਦਰ ਸਿੰਘ ਸੋਢੀ ਨਾਲ ਉਹਨਾਂ ਦੇ ਦਫ਼ਤਰ ਵਿਖੇ ਹੋਈ। ਲਗਭੱਗ ਤਿੰਨ ਘੰਟੇ ਚੱਲੀ ਵਿਸਤ੍ਰਿਤ ਮੀਟਿੰਗ ਵਿੱਚ ਅਧਿਆਪਕਾਂ ਦੀਆਂ ਹੇਠ ਲਿਖੀਆਂ ਮੰਗਾਂ ਅਤੇ ਮਸਲਿਆਂ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਗਈ।

ਮੀਟਿੰਗ ਵਿੱਚ ਬਦਲੀਆਂ ਲਈ ਸਟੇਸ਼ਨ ਚੋਣ ਕਰਵਾਉਣ ਲਈ ਸ਼ੁੱਕਰਵਾਰ ਸ਼ਾਮ ਤੱਕ ਪੋਰਟਲ ਖੋਲ੍ਹਣ ਅਤੇ ਬਦਲੀਆਂ ਲਈ ਕੋਈ ਵੀ ਖਾਲੀ ਸਟੇਸ਼ਨ ਨਾ ਲੁਕਾਉਣ ਲਈ ਸਹਿਮਤੀ ਬਣੀ । ਨਵੇਂ ਭਰਤੀ ਅਤੇ ਪਦ ਉੱਨਤ ਹੋਏ ਅਧਿਆਪਕਾਂ ਨੂੰ ਵਿਸ਼ੇਸ਼ ਤੌਰ 'ਤੇ ਵਿਚਾਰਨ ਦੀ ਮੰਗ ਰੱਖੀ ਗਈ। ਸਾਰੇ ਕਾਡਰਾਂ ਦੀਆਂ ਤਰੱਕੀਆਂ ਜਲਦ ਤੋਂ ਜਲਦ ਕਰਨ ਦੀ ਮੰਗ ਕੀਤੀ ਗਈ, ਡਾਇਰੈਕਟਰ ਵੱਲੋਂ ਜਵਾਬ ਸੀ ਕਿ ਪ੍ਰਿੰਸੀਪਲ ਅਤੇ ਲੈਕਚਰਾਰਾਂ ਦੀਆਂ ਤਰੱਕੀਆਂ ਅਗਲੇ ਹਫ਼ਤੇ ਤੱਕ ਹੋ ਜਾਣਗੀਆਂ ਅਤੇ ਏ ਟੀ ਟੀ ਅਤੇ ਓ ਸੀ ਟੀ ਤੋਂ ਮਾਸਟਰ ਕਾਡਰ ਦੇ ਸਾਰੇ ਵਿਸ਼ਿਆਂ ਦੀਆਂ ਤਰੱਕੀਆਂ ਵੀ ਜਲਦ ਕਰਨ ਦਾ ਭਰੋਸਾ ਦਿੱਤਾ ਗਿਆ। ਅਧਿਆਪਕ ਵਿਰੋਧੀ ਬਣੇ 2018 ਦੇ ਨਿਯਮਾਂ ਵਿੱਚ ਆਉਣ ਵਾਲੀ ਕੈਬਨਿਟ ਵਿੱਚੋਂ ਸੋਧ ਕਰਵਾਉਣ



ਦਾ ਭਰੋਸਾ ਦਿੱਤਾ। ਕੰਪਿਊਟਰ ਅਧਿਆਪਕਾਂ ਉੱਪਰ ਛੇਵੇਂ ਪੇ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਦੀ ਮੰਗ ਰੱਖੀ ਗਈ। ਬਲਾਕ ਪ੍ਰਾਇਮਰੀ ਦਫ਼ਤਰਾਂ ਵਿੱਚ ਸੇਵਾਵਾਂ ਨਿਭਾਉਂਦੇ ਪੀ ਟੀ ਆਈ ਅਧਿਆਪਕਾਂ ਨੂੰ ਤੁਰੰਤ ਫਾਰਗ ਕਰਕੇ ਉਹਨਾਂ ਦੇ ਪਿੱਤਰੀ ਸਕੂਲਾਂ ਵਿੱਚ ਵਾਪਸ ਭੇਜਣ ਅਤੇ ਹਿਮਾਚਲ ਪੈਟਰਨ ਵਾਂਗ ਉਹਨਾਂ ਨੂੰ ਵੀਹ ਸਾਲ ਦੀ ਸੇਵਾ ਉਪਰੰਤ ਵਿਸ਼ੇਸ਼ ਤਰੱਕੀ ਦੇਣ ਦੀ ਮੰਗ ਰੱਖੀ ਗਈ। ਰਿਕਾਸਟ ਕੀਤੇ ਅਧਿਆਪਕਾਂ, 29 ਮੁੱਖ ਅਧਿਆਪਕਾਂ ਅਤੇ 1158 ਕਾਲਜ ਲੈਕਚਰਾਰਾਂ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਰੱਖਿਆ ਗਿਆ ਅਤੇ ਕਿਸੇ ਅਧਿਆਪਕ ਦੀਆਂ ਸੇਵਾਵਾਂ ਖਤਮ ਨਾ ਕਰਨ ਤੇ ਸਹਿਮਤੀ ਪ੍ਰਗਟਾਈ। ਐੱਸ ਐੱਲ ਏ ਦੀ ਅਸਾਮੀ ਦਾ ਨਾਮ ਬਦਲਣ ਉੱਪਰ ਸਹਿਮਤੀ ਬਣੀ। ਐੱਸ ਐੱਸ ਏ / ਰਮਸਾ ਅਧਿਆਪਕਾਂ ਦੀ ਠੇਕੇ ਤੇ ਕੀਤੀ ਸੇਵਾ ਨੂੰ ਗਿਣਦਿਆਂ ਸੀ ਐੱਸ ਆਰ ਦੇ ਰੂਲਾਂ ਅਨੁਸਾਰ ਛੁੱਟੀਆਂ ਦੇਣ ਉੱਪਰ ਸਹਿਮਤੀ ਬਣੀ। ਬੱਚਾ ਸੰਭਾਲ਼ ਛੁੱਟੀ, ਵਿਦੇਸ਼ ਛੁੱਟੀ, ਮੈਡੀਕਲ ਛੁੱਟੀ ਅਤੇ ਸੀਨੀਅਰ ਯੂਨੀਅਰ ਦੇ ਕੇਸਾਂ ਦੀ ਪ੍ਰਵਾਨਗੀ ਡੀ ਡੀ ਓ ਪੱਧਰ ਉੱਪਰ ਦੇਣ ਲਈ ਸਹਿਮਤੀ ਬਣੀ। ਬਦਲੀਆਂ ਦੇ ਕੰਮ ਨੂੰ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਦੀ ਮੰਗ ਰੱਖੀ ਗਈ। ਐੱਸ ਐੱਸ ਏ/ ਰਮਸਾ ਦੇ ਮੁੱਖ ਅਧਿਆਪਕਾਂ ਨੂੰ ਵੀ 8886 ਅਧਿਆਪਕਾਂ ਵਾਂਗ 01-04-2018 ਤੋਂ ਸੀਨੀਆਰਤਾ ਦੇਣ ਦੀ ਮੰਗ ਰੱਖੀ ਗਈ। ਰਮਸਾ ਅਧੀਨ ਭਰਤੀ ਲੈਬ ਅਟੈਂਡੈਂਟਾਂ ਅਤੇ ਰਹਿੰਦੇ 120 ਸਿੱਖਿਆ ਵਲੰਟੀਅਰਾਂ ਨੂੰ ਨਿਯਮਾਂ ਅਨੁਸਾਰ ਜਲਦੀ ਰੈਗੂਲਰ ਕਰਨ ਲਈ ਸਹਿਮਤੀ ਬਣੀ। ਹਰੇਕ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਵਿੱਚ ਕਲਰਕਾਂ ਦੀਆਂ ਦੋ ਅਸਾਮੀਆਂ ਦੇਣ, ਪ੍ਰਾਇਮਰੀ ਪੱਧਰ ਤੋਂ ਲੈ ਕੇ ਸੈਕੰਡਰੀ ਪੱਧਰ ਤੱਕ ਖੇਡਾਂ ਦਾ ਸ਼ਿਡਿਊਲ ਸਹੀ ਕਰਨ, ਅਧਿਆਪਕਾਂ ਤੋਂ ਛੁੱਟੀ ਵਾਲੇ ਦਿਨਾਂ ਵਿੱਚ ਲਈ ਗਈ ਡਿਊਟੀ ਦੇ ਬਦਲੇ ਵਿੱਚ ਇਵਜੀ / ਕਮਾਈ ਛੁੱਟੀ ਦੇਣ ਅਤੇ ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਨਾ ਲੈਣ ਦੀ ਮੰਗ ਵੀ ਉਠਾਈ ਗਈ।

ਚੱਲਦੇ ਪ੍ਰੋਜੈਕਟ ਬੰਦ ਕਰਕੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਪ੍ਰੀ ਪ੍ਰਾਇਮਰੀ ਸਮੇਤ ਪ੍ਰਾਇਮਰੀ ਵਿੱਚ ਜਮਾਤਵਾਰ ਅਧਿਆਪਕ ਅਤੇ ਹੈੱਡ ਟੀਚਰ, ਅਪਰ ਪ੍ਰਾਇਮਰੀ ਸਕੂਲਾਂ ਵਿੱਚ ਵਿ ਵਿਸ਼ਾਵਾਰ ਅਧਿਆਪਕ ਅਤੇ ਸੈਕੰਡਰੀ ਸਕੂਲਾਂ ਵਿੱਚ ਵਾਈਸ ਪ੍ਰਿੰਸੀਪਲ ਦੀ ਅਸਾਮੀ ਦੇਣ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਰੱਖਿਆ ਗਿਆ। ਕਿਤਾਬਾਂ ਦੇ ਸੈੱਟ ਸੈਸ਼ਨ ਦੇ ਸ਼ੁਰੂਆਤ ਵਿੱਚ ਦੇਣ ਅਤੇ ਵਰਦੀ ਦੀ ਰਾਸ਼ੀ 4000/- ਰੁਪਏ ਪ੍ਰਤੀ ਵਿਦਿਆਰਥੀ ਕਰਨ ਦੀ ਮੰਗ ਰੱਖੀ ਗਈ। ਮਿਡ ਡੇ ਮਿਲ ਦੀ ਰਾਸ਼ੀ ਅਡਵਾਂਸ ਦੇਣ ਦੀ ਮੰਗ ਕਰਦਿਆਂ ਪੀ ਐਮ ਸ੍ਰੀ ਅਤੇ ਸਕੂਲ ਆਫ਼ ਐਮੀਨੈਂਸ ਦੀ ਬਜਾਇ ਸਾਰੇ ਸਕੂਲਾਂ ਨੂੰ ਇਕੋ ਜਿਹੀਆਂ ਸਹੂਲਤਾਂ ਦੇਣ ਦੀ ਮੰਗ ਕੀਤੀ ਗਈ। ਸਮੂਹ ਸਕੂਲਾਂ ਵਿੱਚ ਦਰਜਾ ਚਾਰ ਦੀਆਂ ਖਾਲੀ ਅਸਾਮੀਆਂ ਦੀ ਪੂਰਤੀ ਕਰਨ, ਪ੍ਰਿੰਸੀਪਲਾਂ ਅਤੇ ਮੁੱਖ ਅਧਿਆਪਕਾਂ ਦੀਆਂ ਬਦਲੀਆਂ ਨੂੰ ਬਦਲੀ ਨੀਤੀ ਤਹਿਤ ਪੋਰਟਲ ਉੱਪਰ ਅਪਲਾਈ ਕਰਵਾਉਣ, ਸਮਾਜਿਕ ਸਿੱਖਿਆ ਦੇ ਨੌਵੀਂ ਅਤੇ ਦਸਵੀਂ ਵਿੱਚ ਛੇ ਪੀਰੀਅਡ ਕਰਨ ਦੀ ਮੰਗ ਕੀਤੀ ਗਈ ।

4161 ਅਧਿਆਪਕਾਂ ਦੀ ਰਹਿੰਦੀ ਤਨਖਾਹ ਜਲਦੀ ਜਾਰੀ ਕਰਨ ਲਈ ਸਹਿਮਤੀ ਬਣੀ। 59 ਐਸ ਐਲ ਏ ਅਤੇ ਦਫ਼ਤਰੀ ਕਰਮਚਾਰੀਆਂ ਨੂੰ ਪੱਕਾ ਕਰਨ ਲਈ ਫਾਇਲ ਕੈਬਨਿਟ ਵਿੱਚ ਪੋਸਟਾਂ ਦੀ ਮੰਜ਼ੂਰੀ ਲਈ ਭੇਜੀ ਗਈ ਹੈ। ਕੋਰਟ ਦੀਆਂ ਹਦਾਇਤਾਂ ਤੇ ਇੱਕੀ ਅਗਸਤ ਤੱਕ ਪੱਕਾ ਕੀਤਾ ਜਾਣਾ ਹੈ। ਕਰੋਨਾ ਸਮੇਂ ਕੱਟੀਆਂ ਮੈਡੀਕਲ ਅਤੇ ਕਮਾਈ ਛੁੱਟੀਆਂ ਨੂੰ ਕੋਆਰਨਟਾਈਨ ਛੁੱਟੀਆਂ ਵਿੱਚ ਤਬਦੀਲ ਕਰਨ, ਬੇਲੋੜੀ ਮੰਗੀ ਜਾਂਦੀ ਡਾਕ ਅਤੇ ਗੂਗਲ ਪ੍ਰੋਫਾਰਮੇ ਬੰਦ ਕਰਕੇ ਅਧਿਆਪਕਾਂ ਉੱਪਰ ਮਾਨਸਿਕ ਤਣਾਅ ਘੱਟ ਕਰਨ ਦੀ ਮੰਗ ਕੀਤੀ ਗਈ, 5178, 3704, 8886 ਆਦਿ ਦੇ ਹੋਏ ਕੋਰਟ ਦੇ ਫੈਸਲਿਆਂ ਨੂੰ ਜਨਰਲਾਈਜ ਕਰਕੇ ਵਿੱਤੀ ਲਾਭ ਦੇਣ ਤੇ ਸਹਿਮਤੀ ਪ੍ਰਗਟ ਕੀਤੀ ਗਈ। ਇਸ ਤੇ ਇਲਾਵਾ ਵਿੱਤੀ ਮੰਗਾਂ ਪੁਰਾਣੀ ਪੈਨਸ਼ਨ, ਡੀ ਏ, ਏ ਸੀ ਪੀ, ਕੱਟੇ ਭੱਤੇ ਬਹਾਲ ਕਰਨ ਅਤੇ ਸੋਧਿਆ ਪੇ ਕਮਿਸ਼ਨ ਆਦਿ ਮੰਗਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ।

ਮੀਟਿੰਗ ਵਿੱਚ ਹੋਰਨਾਂ ਤੋਂ ਬਿਨਾਂ ਗੁਰਬਿੰਦਰ ਸਿੰਘ ਸਸਕੌਰ, ਐਨ ਡੀ ਤਿਵਾੜੀ, ਰਣਜੀਤ ਸਿੰਘ ਮਾਨ, ਜਿੰਦਰ ਪਾਇਲਟ, ਸੋਮ ਸਿੰਘ, ਮਨਪ੍ਰੀਤ ਸਿੰਘ, ਹਰਮਨ ਸਿੰਘ, ਹਰਪਾਲ ਸਿੰਘ, ਕਰਨ ਕੁਮਾਰ ਜਲੰਧਰ, ਚਮਕੌਰ ਸਿੰਘ ਆਦਿ ਹਾਜ਼ਰ ਸਨ।

# ਡਾ. ਬਲਜੀਤ ਕੌਰ ਵੱਲੋਂ ਵਿਭਾਗ ਵਿੱਚ ਨਵੇਂ ਨਿਯੁਕਤ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜੁਲਾਈ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਪੰਜਾਬ ਭਵਨ, ਚੰਡੀਗੜ੍ਹ ਵਿਖੇ ਵਿਭਾਗ ਵਿੱਚ ਨਵੇਂ ਨਿਯੁਕਤ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ।

ਹੋਰ ਜਾਣਕਾਰੀ ਸਾਂਝੀ ਕਰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿਭਾਗ ਵੱਲੋਂ ਚੱਲ ਰਹੀ ਭਰਤੀ ਮੁਹਿੰਮ ਤਹਿਤ 10 ਆਂਗਣਵਾੜੀ ਸੁਪਰਵਾਈਜ਼ਰ, 6 ਸੁਪਰਡੈਂਟ (ਬਾਲ ਘਰ) ਅਤੇ 1 ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀ ਦੀ ਨਿਯੁਕਤੀ ਕੀਤੀ ਗਈ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਵਿਭਾਗ ਵੱਲੋਂ ਪਹਿਲਾਂ ਵੀ 97 ਆਂਗਣਵਾੜੀ ਸੁਪਰਵਾਈਜ਼ਰਾਂ ਨੂੰ ਨਿਯੁਕਤੀ ਪੱਤਰ ਵੰਡੇ ਜਾ ਚੁੱਕੇ ਹਨ, ਜੋ ਕਿ ਵਿਭਾਗ ਦੀ ਕੰਮਯੋਗਤਾ ਅਤੇ ਲੋਕ-ਭਲਾਈ



ਨਾਲ ਸੰਬੰਧਤ ਕਾਰਜਾਂ ਨੂੰ ਹੋਰ ਮਜ਼ਬੂਤ ਕਰਨ ਵੱਲ ਇਕ ਹੋਰ ਮਹੱਤਵਪੂਰਨ ਕਦਮ ਹੈ।

ਨਵੇਂ ਨਿਯੁਕਤ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ, ਡਾ. ਬਲਜੀਤ ਕੌਰ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਕਿ ਉਹ ਪੂਰੀ ਇਮਾਨਦਾਰੀ, ਸਮਰਪਣ ਅਤੇ ਹਮਦਰਦੀ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ, ਤਾਂ ਜੋ ਲੋੜਵੰਦ ਲੋਕਾਂ ਤੱਕ ਸਰਕਾਰੀ ਯੋਜਨਾਵਾਂ ਦੀ ਪਹੁੰਚ ਯਕੀਨੀ ਬਣ ਸਕੇ।

ਮੰਤਰੀ ਨੇ ਕਿਹਾ ਕਿ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਸਮਾਜ ਦੇ ਹਰ ਵਰਗ ਨਾਲ ਸਿੱਧਾ ਜੁੜਿਆ ਹੋਇਆ ਹੈ, ਅਤੇ ਨਵੇਂ ਕਰਮਚਾਰੀ ਸਰਕਾਰੀ ਸਕੀਮਾਂ ਨੂੰ ਜ਼ਮੀਨੀ ਪੱਧਰ ਤੱਕ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਉਣ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਨੌਜਵਾਨਾਂ ਲਈ ਰੁਜ਼ਗਾਰ ਦੇ ਵਧੇਰੇ ਮੌਕੇ ਸਿਰਜਣ ਲਈ ਵਚਨਬੱਧ ਹੈ। ਹੁਣ ਤੱਕ 54,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।

ਮੰਤਰੀ ਨੇ ਅੰਤ ਵਿੱਚ ਕਿਹਾ ਕਿ ਨਵੇਂ ਨਿਯੁਕਤ ਕਰਮਚਾਰੀ ਸਰਕਾਰੀ ਨੀਤੀਆਂ ਅਤੇ ਜ਼ਮੀਨੀ ਪੱਧਰ ਦੇ ਲਾਭਪਾਤਰੀਆਂ ਵਿਚਕਾਰ ਇੱਕ ਮਹੱਤਵਪੂਰਨ ਕੜੀ ਵਜੋਂ ਕੰਮ ਕਰਨਗੇ, ਖ਼ਾਸ ਕਰਕੇ ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਲਈ। ਉਨ੍ਹਾਂ ਦੀ ਸਰਗਰਮ ਅਤੇ ਪ੍ਰਭਾਵਸ਼ਾਲੀ ਭਾਗੀਦਾਰੀ ਨਾਲ ਇਹ ਯਕੀਨੀ ਬਣੇਗਾ ਕਿ ਯੋਜਨਾਵਾਂ ਲੋੜਵੰਦ ਲੋਕਾਂ ਤੱਕ ਸਮੇਂ ਸਿਰ ਅਤੇ ਪਾਰਦਰਸ਼ੀ ਢੰਗ ਨਾਲ ਪਹੁੰਚ ਸਕਣ। ਇਸ ਰਾਹੀਂ ਸੂਬੇ ਦੀ ਸਮਾਜਿਕ ਬਣਤਰ ਹੋਰ ਮਜ਼ਬੂਤ ਬਣੇਗੀ।

ਇਸ ਮੌਕੇ 'ਤੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਸ੍ਰੀਮਤੀ ਰਾਜੀ. ਪੀ ਸ੍ਰੀਵਾਸਤਵਾ, ਡਾਇਰੈਕਟਰ ਡਾ. ਸ਼ੇਨਾ ਅਗਰਵਾਲ, ਸਪੈਸ਼ਲ ਸਕੱਤਰ ਸ੍ਰੀ ਕੇਸ਼ਵ ਹਿੰਗੋਨੀਆ, ਜੁਆਇੰਟ ਸਕੱਤਰ ਸ੍ਰੀ ਆਨੰਦ ਸਾਗਰ ਸ਼ਰਮਾ, ਐਡੀਸ਼ਨਲ ਡਾਇਰੈਕਟਰ ਸ੍ਰੀ ਚਰਨਜੀਤ ਸਿੰਘ ਅਤੇ ਡਿਪਟੀ ਡਾਇਰੈਕਟਰ ਸ੍ਰੀ ਸੁਖਦੀਪ ਸਿੰਘ ਸਮੇਤ ਵਿਭਾਗ ਦੇ ਹੋਰ ਉੱਚ ਅਧਿਕਾਰੀ ਵੀ ਹਾਜ਼ਰ ਸਨ, ਜਿਨ੍ਹਾਂ ਨੇ ਨਵੇਂ ਕਰਮਚਾਰੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਉਨ੍ਹਾਂ ਨੂੰ ਵਿਭਾਗ ਦੀ ਸੇਵਾ ਨਿਭਾਉਣ ਲਈ ਪ੍ਰੇਰਿਤ ਕੀਤਾ।

# ਨਸ਼ੇ ਵਾਂਗ ਸੂਬੇ ਲਈ ਸ਼ਰਾਪ ਬਣਦਾ ਜਾ ਰਿਹਾ 'ਨਕਲੀ ਚਿੱਟੇ ਦੁੱਧ' ਦਾ ਕਾਲਾ ਕਾਰੋਬਾਰ

## ਇਹ ਦੁੱਧ ਆਉਣ ਵਾਲੀਆਂ ਨਸਲਾਂ ਨੂੰ ਕਰ ਦੇਵੇਗਾ ਤਬਾਹ:- ਐਡਵੋਕੇਟ ਪ੍ਰਭਜੀਤ ਪਾਲ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜੁਲਾਈ
INTERNATIONAL PAPER, 94636 01616
hardipchumber57@gmail.com

ਪਟਿਆਲਾ 24 ਜੁਲਾਈ 2025- ਦੁੱਧ ਘਿਓ ਮੱਖਣ ਮਲਾਈਆਂ ਖੁੱਲਾ ਪਿਓਰ ਖਾਣ ਪੀਣ ਨੂੰ ਜਾਣਿਆ ਜਾਂਦਾ ਸੂਬਾ ਪੰਜਾਬ ਅੱਜ ਨਕਲੀ ਦੁੱਧ ਅਤੇ ਨਕਲੀ ਦੁੱਧ ਤੇ ਤਿਆਰ ਕੀਤੀਆਂ ਜਾਣ ਵਾਲੀਆਂ ਵਸਤਾਂ ਮਿਠਾਈਆਂ ਅਤੇ ਖਾਦ ਪਦਾਰਥਾਂ ਵਿੱਚ ਮਿਲਾਵਟ ਦੇ ਕਾਰੋਬਾਰ ਲਈ ਵੀ ਮਸ਼ਹੂਰ ਹੋ ਗਿਆ ਹੈ। ਇੱਥੋ ਤੱਕ ਕਿ ਇਹ ਕਹਿਣ ਵਿੱਚ ਵੀ ਕੋਈ ਅਣਕਥਨੀ ਨਹੀ,ਕਿ ਸੂਬੇ ਵਿੱਚ ਫੈਲ ਚੁੱਕੇ ਨਾਮੁਰਾਦ ਬਿਮਾਰੀ ਨਸ਼ੇ ਨਾਲੋ ਵੀ ਨਕਲੀ ਦੁੱਧ ਦੀ ਸਮੱਸਿਆ ਗੰਭੀਰ ਸਥਿਤੀ ਵਿੱਚ ਹੈ। ਨਸ਼ਾ ਤਾਂ ਕਿਸੇ ਹੱਦ ਤੱਕ ਇਨਸਾਨ ਆਪਣੀ ਮਰਜ਼ੀ ਨਾਲ ਕਰਨ ਲੱਗਦਾ ਹੈ। ਪਰ ਦੁੱਧ ਅਤੇ ਇਨਸਾਨੀ ਜੀਵਨ ਵਿੱਚ ਦੁੱਧ ਦੀ ਮਹੱਤਤਾ ਨੂੰ ਦੇਖਿਆ ਜਾਵੇ ਤਾਂ ਮਨੁੱਖ ਵੱਲੋ ਹੀ ਲਾਲਚ ਵੱਸ ਜਾਣਬੁੱਝ ਸੋਚ ਸਮਝ ਨਾਲ ਪੂਰੀ ਮਨੁੱਖਤਾ ਨੂੰ ਖ਼ਤਰੇ ਵਿੱਚ ਪਾਇਆ ਜਾ ਰਿਹਾ ਹੈ।ਸਰਕਾਰੀ ਅੰਕੜਿਆਂ ਮੁਤਾਬਕ ਹੀ ਸੂਬੇ ਵਿੱਚ ਪਸ਼ੂਆਂ ਤੇ ਪੈਦਾ ਹੁੰਦਾ ਦੁੱਧ ਘੱਟ ਅਤੇ ਡੇਅਰੀਆਂ ਵਿੱਚ ਦੋਧੀਆ ਦੇ ਡਰੰਮਾਂ ਵਿੱਚ ਉਤਪਾਦ ਨਾਲੋ ਕਿਤੇ ਵੱਧ ਮਿਲਦਾ ਹੈ।ਸਵਾਲ ਇਹ ਉੱਠਦਾ ਹੈ, ਕਿ ਨਕਲੀ ਦੁੱਧ ਦੇ ਚੱਲ ਰਹੇ ਕਾਰੋਬਾਰ ਤੇ ਕੋਈ ਕਾਰਵਾਈ ਆਖ਼ਰ ਕਿਉ ਨਹੀਂ ? ਸੂਬੇ ਭਰ ਵਿੱਚ ਹਰ ਮੋੜ ਤੇ ਪਿੰਡ, ਸਹਿਰ, ਕਸਬੇ, ਵਿੱਚ ਬਿਨਾਂ ਕਿਸੇ ਜਾਂਚ ਜਾ ਲਾਇਸੈਂਸ ਤੇ ਬੇਖ਼ੌਫ਼ ਡੇਅਰੀਆਂ ਰਾਹੀ ਫੈਕਟਰੀਆਂ ਰਾਹੀ ਨਕਲੀ ਦੁੱਧ ਅਤੇ ਨਕਲੀ ਦੁੱਧ ਤੇ ਤਿਆਰ ਵਸਤਾਂ ਘਿਓ, ਮੱਖਣ, ਪਨੀਰ, ਕਰੀਮ, ਖੋਆ, ਦਹੀਂ ਅਤੇ ਮਠਿਆਈਆਂ ਲੋਕਾਂ ਨੂੰ ਵੇਚਿਆ ਜਾ ਰਿਹਾ ਹੈ।ਨਕਲੀ ਫੈਕਟਰੀਆ ਵਿੱਚ ਤਿਆਰ ਵਸਤਾਂ ਖੋਆ,ਪਨੀਰ ਟਰੱਕਾਂ ਰਾਹੀ ਬੱਸਾਂ ਰਾਹੀ ਬਾਹਰਲੇ ਰਾਜਾਂ ਤੇ ਪੰਜਾਬ ਆ ਰਹੀਆਂ ਨੇ ਤਿਓਹਾਰਾਂ ਦੇ ਦਿਨਾਂ ਵਿੱਚ ਤਾਂ ਇੰਨਾ ਦੀ ਭਰਮਾਰ ਹੀ ਹੋ ਜਾਂਦੀ ਹੈ। ਡਾਕਟਰਾਂ ਦੀ ਗੱਲ ਕਰ ਲਈਏ ਤਾਂ ਡਾਕਟਰ ਲੋਕਾਂ ਨੂੰ ਦਵਾਈ ਲਿਖ ਦਿੰਦੇ ਨੇ ਕਿ ਸਵੇਰੇ ਜਾ ਸ਼ਾਮ ਦਵਾਈ ਦੁੱਧ ਨਾਲ ਲਓ। ਬੱਚਿਆਂ ਦੀ ਸਰੀਰਕ,ਦਿਮਾਗ ਦੀ ਮਜਬੂਤੀ ਲਈ ਦੁੱਧ ਜਰੂਰੀ ਹੈ ਕੈਲਸ਼ੀਅਮ,ਪ੍ਰੋਟੀਨ ਲਈ ਚੰਗੀ ਕੁਆਲਿਟੀ ਦਾ ਦੁੱਧ ਪੀਓ, ਸਿਹਤ ਲਈ ਦੁੱਧ ਬਹੁਤ ਲਾਹੇਵੰਦ ਹੈ। ਪਰ ਉਹਨਾਂ ਦੇ ਆਪਣੇ ਸਿਹਤ ਵਿਭਾਗ ਵੱਲੋ ਨਕਲੀ ਇਸ ਪੈਦਾ ਕੀਤੇ ਜਾ ਰਹੇ ਜ਼ਹਿਰ ਖ਼ਿਲਾਫ਼ ਕੋਈ ਕਾਰਵਾਈ ਨਹੀ, ਨਾ ਹੀ ਕੋਈ ਚੈੱਕ ਕਰਨ ਵਾਲਾ ਸਿਰਫ਼ ਇਕ ਪ੍ਰਯੋਗਸ਼ਾਲਾ ਖਰੜ ਵਿਖੇ ਹੈ। ਜਦਕਿ ਹਰ ਜ਼ਿਲੇ,ਕਸਬੇ ਵਿੱਚ ਖਾਦ ਪਦਾਰਥਾਂ ਦੀ ਗੁਣਵੰਨਤਾ ਜਾਂਚ ਲਈ ਪ੍ਰਯੋਗਸ਼ਾਲਾ ਹੋਣੀ ਚਾਹੀਦੀ ਹੈ ਅਤੇ ਕਾਰਵਾਈ ਲਈ ਸਟਾਫ ਵੀ।ਦੁੱਧ ਉਤਪਾਦਕਾਂ ਜਾਂ ਪਸ਼ੂ ਪਾਲਕਾਂ ਦਾ ਕਹਿਣਾ ਹੈ ਕਿ ਮਹਿੰਗੇ ਹੋ ਚੁੱਕੇ ਪਸ਼ੂ ਅਤੇ ਪਸ਼ੂ ਚਾਰੇ, ਤੂੜੀ, ਫੀਡ, ਖੱਲ ਕਾਰਨ,ਸਹੀ ਕੀਮਤ,ਸਹੀ ਜਗ੍ਹਾ,ਸਹੀ ਕੋਈ ਪੋਲਿਸੀ ਨਾ ਹੋਣ ਕਾਰਨ ਕੋਈ ਘੱਟ ਵਿਆਜ ਸੌਖਾ ਲੋਨ ਅਤੇ ਨਾ ਹੀ ਕੋਈ ਇੰਸ਼ੋਰੈਂਸ ਪੋਲਿਸੀ ਹੈ। ਸਵੇਰ ਤੋ ਸ਼ਾਮ ਤੱਕ ਸਖ਼ਤ ਮਿਹਨਤ ਦੇ ਬਾਅਦ 50-55 ਰੁਪਈਏ ਤਾਂ ਦੁੱਧ ਓਹਨਾ ਨੂੰ ਘਰ ਪੈਂਦਾ ਹੈ ਅਤੇ ਬਜ਼ਾਰ ਵਿੱਚ ਨਕਲੀ ਦੁੱਧ ਦੀ ਭਰਮਾਰ ਹੋਣ ਕਾਰਨ ਡੇਅਰੀ ਵਪਾਰ ਮੁਨਾਫੇ ਦਾ ਧੰਦਾ ਨਹੀ ਰਿਹਾ ਦੂਜੇ ਪਾਸੇ ਨਕਲੀ ਦੁੱਧ ਮਾਫ਼ੀਆਂ ਚੰਦ ਮਿੰਟਾਂ ਵਿੱਚ ਥੋੜੀ ਜਿਹੀ ਮਿਹਨਤ ਨਾਲ ਖ਼ਤਰਨਾਕ ਕੈਮੀਕਲ ਰਾਹੀ ਤਿਆਰ ਦੁੱਧ ਜੋ 12-13 ਰੁਪਈਏ ਪਰ ਲਿਟਰ ਬਣ ਜਾਂਦਾ ਹੈ। ਬਿਨਾਂ ਰੋਕ ਟੋਕ ਸ਼ਰੇਆਮ ਬਿਨਾਂ ਕਿਸੇ ਖੌਫ਼ ਬਿਨ੍ਹਾਂ



ਕੋਈ ਲਾਇਸੈਂਸ ਕਿਤੇ ਵੀ ਦੁਕਾਨ ਖੋਲ ਇਸ ਨੂੰ ਵੇਚ ਮੋਟੀ ਕਮਾਈ ਕਰ ਰਹੇ ਹਨ।ਇਸ ਨਕਲੀ ਦੁੱਧ ਦੇ ਬੇਖ਼ੌਫ ਚੱਲ ਰਹੇ ਕਾਰੋਬਾਰ ਵਿੱਚ ਕਿਸੇ ਭ੍ਰਿਸ਼ਟ ਅਫ਼ਸਰ ਸ਼ਾਹੀ ਜਾ ਭ੍ਰਿਸ਼ਟ ਰਾਜਨੀਤਕ ਲੋਕਾਂ ਦੀ ਸਹਿ ਤੇ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ।ਇਹ ਨਕਲੀ ਦੁੱਧ ਬਣਾਉਣ ਲਈ ਵਰਤੇ ਜਾਣ ਵਾਲੇ ਖ਼ਤਰਨਾਕ ਪਦਾਰਥ ਸਾਡੀ ਆਉਣ ਵਾਲੀ ਪੀੜੀ ਤਬਾਹ ਕਰ ਰਹੇ ਹਨ।ਸਰਕਾਰ ਨੂੰ ਸਿਹਤ ਮਹਿਕਮੇ ਨੂੰ ਇਸ ਵੱਲ ਧਿਆਨ ਦਿੰਦੇ ਹੋਏ, ਸੁਹਿਰਦਤਾ ਨਾਲ ਇਸ ਤੇ ਵਿਚਾਰ ਕਰ ਸਖ਼ਤ ਸਜ਼ਾਵਾਂ ਨਾਲ ਸਖ਼ਤ ਕਾਨੂੰਨ ਬਣਾਉਣ ਦੀ ਜ਼ਰੂਰਤ ਹੈ ਤਾਂ ਜੋ ਮਨੁੱਖਤਾ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਇਸ ਮਿਲਕ ਮਾਫ਼ੀਆ ਅਤੇ ਨਕਲੀ ਮਿਲਾਵਟ ਵਾਲੇ ਖਾਦ ਪਦਾਰਥਾਂ ਦੇ ਇਸ ਕਾਲੇ ਕਾਰੋਬਾਰ ਤੇ ਨੱਥ ਪਾਈ ਜਾ ਸਕੇ ਅਤੇ ਸੂਬੇ ਵਿੱਚ ਪਸ਼ੂ ਪਾਲਕਾਂ ਅਤੇ ਦੁੱਧ ਦੇ ਕਾਰੋਬਾਰ ਨੂੰ ਪ੍ਰਫੁੱਲਿਤ ਅਤੇ ਲਾਹੇਵੰਦ ਬਣਾਉਣ ਲਈ ਪਾਲਿਸੀ ਬਣੇ ਤਾਂ ਜੋ ਲੋਕ ਬੇਖ਼ੌਫ਼ ਹੋ ਕੇ ਪਿਓਰ ਖਾਣ ਪੀਣ ਅਤੇ ਤੰਦਰੁਸਤ ਜੀਵਨ ਜੀਣ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜੁਲਾਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕੱਲ੍ਹ ਦੇ ਲੇਖ, 'ਮੁਕਤੀ ਦਾ ਰਸਤਾ ਕੀ ਹੈ?' ਦਾ ਅਗਲਾ ਭਾਗ

## ਵਿਰੋਧੀਆਂ ਦੀ ਭੂਮਿਕਾ

ਇਸ ਧਰਮ ਪਰਿਵਰਤਨ ਲਹਿਰ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਲੋਕਾਂ ਨੇ ਬਹੁਤ ਸਾਰੇ ਇਤਰਾਜ਼ ਉਠਾਏ ਹਨ। ਆਓ ਇਨ੍ਹਾਂ ਇਤਰਾਜ਼ਾਂ ਵਿੱਚ ਸੱਚਾਈ ਦੀ ਜਾਂਚ ਕਰੀਏ। ਕੁਝ ਹਿੰਦੂ ਧਾਰਮਿਕ ਹੋਣ ਦਾ ਦਿਖਾਵਾ ਕਰਦੇ ਹੋਏ ਤੁਹਾਨੂੰ ਇਹ ਉਪਦੇਸ਼ ਦਿੰਦੇ ਹਨ ਕਿ ਧਰਮ ਆਨੰਦ



ਲੈਣ ਵਾਲੀ ਚੀਜ਼ ਨਹੀਂ ਹੈ। ਅਸੀਂ ਹਰ ਰੋਜ਼ ਪਹਿਰਾਵੇ ਵਾਂਗ ਧਰਮ ਨਹੀਂ ਬਦਲ ਸਕਦੇ। "ਜੇ ਤੁਸੀਂ ਹਿੰਦੂ ਧਰਮ ਨੂੰ ਛੱਡ ਕੇ ਕਿਸੇ ਹੋਰ ਧਰਮ ਦਾ ਪਾਲਣ ਕਰਨਾ ਚਾਹੁੰਦੇ ਹੋ, ਤਾਂ ਕੀ ਤੁਸੀਂ ਕਦੇ ਸੋਚਿਆ ਹੈ ਕਿ ਕੀ ਤੁਹਾਡੇ ਪੁਰਖੇ ਜੋ ਇੰਨੇ ਸਮੇਂ ਤੱਕ ਇਸ ਧਰਮ ਨਾਲ ਜੁੜੇ ਰਹੇ, ਪਾਗਲ ਸਨ?" ਇਹ ਸਵਾਲ ਉਨ੍ਹਾਂ ਲੋਕਾਂ ਨੇ ਉਠਾਇਆ ਹੈ ਜੋ ਆਪਣੇ ਆਪ ਨੂੰ ਬੁੱਧੀਮਾਨ ਕਹਿੰਦੇ ਹਨ, ਪਰ ਮੈਨੂੰ ਇਸ ਇਤਰਾਜ਼ ਵਿੱਚ ਕੋਈ ਸਾਰ ਨਹੀਂ ਮਿਲਦਾ। ਸਿਰਫ਼ ਇੱਕ ਮੂਰਖ ਹੀ ਇਹ ਦਲੀਲ ਦੇ ਸਕਦਾ ਹੈ ਕਿ ਉਹ ਆਪਣੇ ਧਰਮ ਨਾਲ ਸਿਰਫ਼ ਇਸ ਲਈ ਜੁੜਿਆ ਰਿਹਾ ਕਿਉਂਕਿ ਇਹ ਉਸਦੇ ਪੁਰਖਿਆਂ ਦਾ ਧਰਮ ਸੀ। ਕੋਈ ਵੀ ਬੁੱਧੀਮਾਨ ਵਿਅਕਤੀ ਅਜਿਹੀ ਦਲੀਲ ਨਹੀਂ ਦੇ ਸਕਦਾ। ਜਿਹੜੇ ਲੋਕ ਕਹਿੰਦੇ ਹਨ ਕਿ ਪੁਰਖਿਆਂ ਦੇ ਧਰਮ ਨੂੰ ਨਹੀਂ ਛੱਡਣਾ ਚਾਹੀਦਾ, ਉਨ੍ਹਾਂ ਨੇ ਸ਼ਾਇਦ ਕਦੇ ਇਤਿਹਾਸ ਦਾ ਅਧਿਐਨ ਨਹੀਂ ਕੀਤਾ। ਬਹੁਤ ਸਮਾਂ ਪਹਿਲਾਂ, ਆਰੀਅਨਾਂ ਦਾ ਧਰਮ 'ਵੈਦਿਕ ਧਰਮ' ਸੀ ਜਿਸ ਵਿੱਚ ਮੁੱਖ ਤੌਰ 'ਤੇ ਤਿੰਨ ਵਿਸ਼ੇਸ਼ਤਾਵਾਂ, ਖਾਸ ਕਰਕੇ ਗਊ ਮਾਸ ਖਾਣਾ, ਸ਼ਰਾਬ ਪੀਣਾ ਅਤੇ ਮੌਜ-ਮਸਤੀ ਕਰਨਾ, ਉਸ ਸਮੇਂ ਦੇ ਧਰਮ ਦਾ ਹਿੱਸਾ ਸਨ। ਭਾਰਤ ਵਿੱਚ ਇਸ ਧਰਮ ਦੇ ਹਜ਼ਾਰਾਂ ਪੈਰੋਕਾਰ ਸਨ ਅਤੇ ਅੱਜ ਵੀ ਕੁਝ ਬ੍ਰਾਹਮਣ ਇਸ ਵਿੱਚ ਵਾਪਸ ਜਾਣ ਦਾ ਸੁਪਨਾ ਦੇਖਦੇ ਹਨ। ਜੇਕਰ ਕਿਸੇ ਨੂੰ ਪ੍ਰਾਚੀਨ ਧਰਮ ਨਾਲ ਜੁੜਿਆ ਰਹਿਣਾ ਪੈਂਦਾ ਹੈ, ਤਾਂ ਭਾਰਤ ਵਿੱਚ ਲੋਕ ਹਿੰਦੂ ਧਰਮ ਨੂੰ ਛੱਡ ਕੇ ਬੁੱਧ ਧਰਮ ਦੇ ਪੈਰੋਕਾਰ ਕਿਉਂ ਬਣੇ? ਲੋਕ ਵੈਦਿਕ ਧਰਮ ਨੂੰ ਛੱਡ ਕੇ ਜੈਨ ਧਰਮ ਦੇ ਪੈਰੋਕਾਰ ਕਿਉਂ ਬਣੇ? ਅਸੀਂ ਇਸ ਤੱਥ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਸਾਡੇ ਪੁਰਖੇ ਪ੍ਰਾਚੀਨ ਧਰਮ ਦੇ ਪੈਰੋਕਾਰ ਸਨ, ਪਰ ਇਹ ਪਤਾ ਨਹੀਂ ਹੈ ਕਿ ਉਹ ਆਪਣੀ ਮਰਜ਼ੀ ਨਾਲ ਉਸ ਧਰਮ ਵਿੱਚ ਸ਼ਾਮਲ ਹੋਏ ਸਨ ਜਾਂ ਨਹੀਂ। ਚਤੁਰਵਰਣ ਇਸ ਦੇਸ਼ ਵਿੱਚ ਬਹੁਤ ਸਮੇਂ ਤੱਕ ਇਹ ਪ੍ਰਣਾਲੀ ਚੱਲਦੀ ਰਹੀ। ਇਸ ਪ੍ਰਣਾਲੀ ਵਿੱਚ, ਬ੍ਰਾਹਮਣਾਂ ਲਈ ਸਿੱਖਿਆ ਦਾ ਅਧਿਕਾਰ, ਖੱਤਰੀਆਂ ਲਈ ਯੁੱਧ, ਵੈਸ਼ੀਆਂ ਲਈ ਵਪਾਰ ਅਤੇ ਜਾਇਦਾਦ ਅਤੇ ਸ਼ੂਦਰਾਂ ਲਈ ਸੇਵਾ ਉਸ ਸਮੇਂ ਦੇ ਨਿਯਮ ਸਨ। ਇਸ ਪ੍ਰਣਾਲੀ ਦੇ ਤਹਿਤ, ਸ਼ੂਦਰਾਂ ਨੂੰ ਸਿੱਖਿਆ, ਹਥਿਆਰ ਅਤੇ ਜਾਇਦਾਦ ਦਾ ਅਧਿਕਾਰ ਨਹੀਂ ਸੀ। ਤੁਹਾਡੇ ਪੁਰਖਿਆਂ ਨੂੰ ਜਿਨ੍ਹਾਂ ਨੂੰ ਇਸ ਧਰਮ ਵਿੱਚ ਗਰੀਬ ਅਤੇ ਨਿਹੱਥੇ ਬਣਾਇਆ ਗਿਆ ਸੀ ਅਤੇ ਇਸ ਹਾਲਤ ਵਿੱਚ ਰਹਿਣ ਲਈ ਮਜਬੂਰ ਕੀਤਾ ਗਿਆ ਸੀ, ਕੋਈ ਵੀ ਆਮ ਸਮਝ ਵਾਲਾ ਵਿਅਕਤੀ ਇਹ ਮੰਨਣ ਲਈ ਤਿਆਰ ਨਹੀਂ ਹੋਵੇਗਾ ਕਿ ਉਨ੍ਹਾਂ ਨੇ ਇਸ ਧਰਮ ਨੂੰ ਆਪਣੀ ਮਰਜ਼ੀ ਨਾਲ ਸਵੀਕਾਰ ਕੀਤਾ ਹੋਵੇਗਾ। ਇੱਥੇ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਕੀ ਤੁਹਾਡੇ ਪੁਰਖਿਆਂ ਲਈ ਇਸ ਧਾਰਮਿਕ ਪ੍ਰਣਾਲੀ ਦਾ ਵਿਰੋਧ ਕਰਨਾ ਸੰਭਵ ਸੀ। ਜੇਕਰ ਉਨ੍ਹਾਂ ਲਈ ਬਗਾਵਤ ਕਰਨਾ ਸੰਭਵ ਹੁੰਦਾ ਅਤੇ ਫਿਰ ਵੀ ਉਨ੍ਹਾਂ ਨੇ ਬਗਾਵਤ ਨਹੀਂ ਕੀਤੀ, ਤਾਂ ਹੀ ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਨੇ ਇਸ ਧਰਮ ਨੂੰ ਆਪਣੀ ਮਰਜ਼ੀ ਨਾਲ ਸਵੀਕਾਰ ਕੀਤਾ ਸੀ। ਪਰ ਜੇਕਰ ਅਸੀਂ ਅਸਲ ਹਾਲਾਤਾਂ ਨੂੰ ਵੇਖੀਏ, ਤਾਂ ਅਸੀਂ ਸਪੱਸ਼ਟ ਤੌਰ 'ਤੇ ਪਾਵਾਂਗੇ ਕਿ ਸਾਡੇ ਪੁਰਖਿਆਂ ਨੂੰ ਉਸ ਧਰਮ ਵਿੱਚ ਰਹਿਣ ਲਈ ਮਜਬੂਰ ਕੀਤਾ ਗਿਆ ਸੀ। ਇਸ ਲਈ, ਇਹ ਹਿੰਦੂ ਧਰਮ ਸਾਡੇ ਪੁਰਖਿਆਂ ਦਾ ਧਰਮ ਨਹੀਂ ਹੈ, ਪਰ ਇਹ ਗੁਲਾਮੀ ਉਨ੍ਹਾਂ 'ਤੇ ਥੋਪ ਦਿੱਤੀ ਗਈ ਸੀ। ਸਾਡੇ ਪੁਰਖਿਆਂ ਨੂੰ ਇਸ ਗੁਲਾਮੀ ਦਾ ਕੋਈ ਅਧਿਕਾਰ ਨਹੀਂ ਸੀ। ਉਹ ਬਗਾਵਤ ਨਹੀਂ ਕਰ ਸਕਦੇ ਸਨ ਕਿਉਂਕਿ ਉਨ੍ਹਾਂ ਕੋਲ ਧਰਮ ਦੇ ਵਿਰੁੱਧ ਲੜਨ ਦੇ ਸਾਧਨ ਨਹੀਂ ਸਨ। ਉਨ੍ਹਾਂ ਨੂੰ ਇਸ ਧਰਮ ਵਿੱਚ ਦਬਾਅ ਹੇਠ ਰੱਖਿਆ ਗਿਆ ਸੀ। ਉਨ੍ਹਾਂ ਨੂੰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੀ ਬੇਵੱਸ ਹਾਲਤ ਨੂੰ ਦੇਖਦੇ ਹੋਏ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਦਰਅਸਲ, ਕੋਈ ਵੀ ਉਨ੍ਹਾਂ 'ਤੇ ਤਰਸ ਕਰੇਗਾ। ਪਰ ਹੁਣ ਕੋਈ ਵੀ ਅੱਜ ਦੀ ਪੀੜ੍ਹੀ ਨੂੰ ਕਿਸੇ ਵੀ ਤਰ੍ਹਾਂ ਦੀ ਗੁਲਾਮੀ ਲਈ ਮਜਬੂਰ ਨਹੀਂ ਕਰ ਸਕਦਾ। ਉਨ੍ਹਾਂ ਕੋਲ ਹਰ ਤਰ੍ਹਾਂ ਦੀ ਆਜ਼ਾਦੀ ਹੈ। ਇਸ ਆਜ਼ਾਦੀ ਦਾ ਫਾਇਦਾ ਉਠਾਉਣ ਤੋਂ ਬਾਅਦ ਵੀ, ਜੇ ਉਹ ਆਪਣੇ ਆਪ ਨੂੰ ਆਜ਼ਾਦ ਨਹੀਂ ਕਰਦੇ, ਤਾਂ ਇਹ ਬਹੁਤ ਦੁਖਦਾਈ ਹੈ ਕਿ ਉਨ੍ਹਾਂ ਨੂੰ ਇਸ ਧਰਤੀ 'ਤੇ ਰਹਿਣ ਵਾਲੇ ਸਭ ਤੋਂ ਨੀਵੇਂ, ਗੁਲਾਮ-ਪ੍ਰੇਮੀ ਅਤੇ ਪਰੰਪਰਾ-ਨਿਰਭਰ ਲੋਕ ਕਿਹਾ ਜਾਵੇਗਾ।

### ਮਨੁੱਖ ਅਤੇ ਜਾਨਵਰ ਵਿੱਚ ਅੰਤਰ

ਸਾਨੂੰ ਆਪਣੇ ਧਰਮ ਨਾਲ ਬੰਨ੍ਹੇ ਰਹਿਣਾ ਚਾਹੀਦਾ ਹੈ ਕਿਉਂਕਿ ਸਾਨੂੰ ਇਹ ਆਪਣੇ ਪੁਰਖਿਆਂ ਤੋਂ ਮਿਲਿਆ ਹੈ, ਇਹ ਕਥਨ ਸਿਰਫ ਇੱਕ ਮੂਰਖ ਦੀ ਆਵਾਜ਼ ਹੋ ਸਕਦਾ ਹੈ। ਕੋਈ ਵੀ ਸਮਝਦਾਰ ਵਿਅਕਤੀ ਇਹ ਦਲੀਲ ਨਹੀਂ ਦੇ ਸਕਦਾ। ਇਹ ਜਾਨਵਰਾਂ ਲਈ ਇੱਕ ਢੁਕਵੀਂ ਸਲਾਹ ਹੈ ਅਤੇ ਮਨੁੱਖ ਲਈ ਉਨ੍ਹਾਂ ਹੀ ਹਾਲਤਾਂ ਵਿੱਚ ਰਹਿਣਾ ਜਿਸ ਵਿੱਚ ਉਹ ਰਹਿ ਰਿਹਾ ਹੈ, ਕਦੇ ਵੀ ਢੁਕਵਾਂ ਨਹੀਂ ਹੈ। ਮਨੁੱਖ ਅਤੇ ਜਾਨਵਰ ਵਿੱਚ ਅੰਤਰ ਇਹ ਹੈ ਕਿ ਮਨੁੱਖ ਤਰੱਕੀ ਕਰ ਸਕਦਾ ਹੈ ਪਰ ਜਾਨਵਰ ਨਹੀਂ ਕਰ ਸਕਦਾ। ਧਰਮ ਦਾ ਪਰਿਵਰਤਨ ਤਬਦੀਲੀ ਦਾ ਇੱਕ ਰੂਪ ਹੈ। ਤਬਦੀਲੀ ਤਰੱਕੀ ਦਾ ਦੂਜਾ ਨਾਮ ਹੈ। ਅਤੇ ਜੇਕਰ ਧਰਮ ਦੇ ਪਰਿਵਰਤਨ ਤੋਂ ਬਿਨਾਂ ਤਰੱਕੀ ਸੰਭਵ ਹੈ, ਤਾਂ ਇਹ ਅਸੰਭਵ ਹੈ। ਜੇ ਨਹੀਂ, ਤਾਂ ਧਾਰਮਿਕ ਪਰਿਵਰਤਨ ਜ਼ਰੂਰੀ ਹੈ। ਪੁਰਖਿਆਂ ਦੁਆਰਾ ਦਿੱਤਾ ਗਿਆ ਧਰਮ ਕਦੇ ਵੀ ਇੱਕ ਪ੍ਰਗਤੀਸ਼ੀਲ ਮਨੁੱਖ ਦੇ ਰਾਹ ਵਿੱਚ ਰੁਕਾਵਟ ਨਹੀਂ ਬਣ ਸਕਦਾ।

ਧਾਰਮਿਕ ਧਰਮ ਪਰਿਵਰਤਨ ਦੇ ਵਿਰੁੱਧ ਇੱਕ ਹੋਰ ਦਲੀਲ ਇਹ ਦਿੱਤੀ ਜਾ ਸਕਦੀ ਹੈ ਕਿ ਧਾਰਮਿਕ ਧਰਮ ਪਰਿਵਰਤਨ ਨੂੰ ਭੱਜਣ ਦਾ ਰਵੱਈਆ ਕਿਹਾ ਜਾ ਸਕਦਾ ਹੈ। ਅੱਜ ਬਹੁਤ ਸਾਰੇ ਹਿੰਦੂ 'ਹਿੰਦੂ ਧਾਰਮਿਕ ਸੁਧਾਰ ਕਾਰਜ' ਕਰਨ 'ਤੇ ਤੁਲੇ ਹੋਏ ਹਨ। ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਯਤਨਾਂ ਨਾਲ ਛੂਤ-ਛਾਤ ਅਤੇ ਜਾਤੀਵਾਦ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਜਾਵੇਗਾ। ਇਸ ਲਈ, ਇਸ ਸਮੇਂ ਧਾਰਮਿਕ ਧਰਮ ਪਰਿਵਰਤਨ ਉਚਿਤ ਨਹੀਂ ਹੈ। ਇਨ੍ਹਾਂ ਹਿੰਦੂ ਸਮਾਜ ਸੁਧਾਰਕਾਂ ਬਾਰੇ ਕੋਈ ਜੋ ਵੀ ਰਾਇ ਪ੍ਰਗਟ ਕਰੇ, ਮੈਂ ਨਿੱਜੀ ਤੌਰ 'ਤੇ ਉਨ੍ਹਾਂ ਨੂੰ ਨਫ਼ਰਤ ਕਰਦਾ ਹਾਂ। ਮੇਰਾ ਉਨ੍ਹਾਂ ਬਾਰੇ ਬਹੁਤ ਤਜਰਬਾ ਹੈ ਅਤੇ ਮੈਨੂੰ ਉਨ੍ਹਾਂ ਅਰਧ-ਬੁੱਧੀਜੀਵੀਆਂ ਪ੍ਰਤੀ ਸਖ਼ਤ ਨਫ਼ਰਤ ਮਹਿਸੂਸ ਹੁੰਦੀ ਹੈ। ਇਹ ਹੈਰਾਨੀ ਵਾਲੀ ਗੱਲ ਹੈ ਕਿ ਜੋ ਲੋਕ ਆਪਣੀ ਜਾਤ ਵਿੱਚ ਰਹਿਣਾ ਚਾਹੁੰਦੇ ਹਨ, ਆਪਣੀ ਜਾਤ ਵਿੱਚ ਵਿਆਹ ਕਰਨਾ ਚਾਹੁੰਦੇ ਹਨ ਅਤੇ ਆਪਣੀ ਜਾਤ ਵਿੱਚ ਮਰਨਾ ਚਾਹੁੰਦੇ ਹਨ, ਉਹ ਆਪਣੇ ਗੁੰਮਰਾਹਕੁੰਨ ਨਾਅਰਿਆਂ ਨਾਲ ਲੋਕਾਂ ਨੂੰ ਮੂਰਖ ਬਣਾਉਂਦੇ ਹਨ, ਜਿਵੇਂ ਕਿ "ਉਹ ਜਾਤ ਪ੍ਰਣਾਲੀ ਨੂੰ ਤੋੜਨ ਦਾ ਵਾਅਦਾ ਕਰਦੇ ਹਨ ਅਤੇ ਜਦੋਂ ਕੋਈ ਅਛੂਤ ਉਨ੍ਹਾਂ 'ਤੇ ਵਿਸ਼ਵਾਸ ਨਹੀਂ ਕਰਦਾ ਤਾਂ ਗੁੱਸੇ ਹੁੰਦੇ ਹਨ।" ਜਦੋਂ ਮੈਂ ਹਿੰਦੂ ਸਮਾਜ ਸੁਧਾਰਕਾਂ ਦੇ ਨਾਅਰੇ ਸੁਣਦਾ ਹਾਂ, ਤਾਂ ਮੈਨੂੰ ਅਮਰੀਕੀ ਗੋਰਿਆਂ ਦੁਆਰਾ ਅਮਰੀਕੀ ਨੀਗਰੋਜ਼ ਨੂੰ ਬੰਧਨ ਤੋਂ ਮੁਕਤ ਕਰਨ ਦੇ ਯਤਨਾਂ ਦੀ ਯਾਦ ਆਉਂਦੀ ਹੈ। ਕਈ ਸਾਲ ਪਹਿਲਾਂ, ਅਮਰੀਕੀ ਨੀਗਰੋਜ਼ ਦੀ ਹਾਲਤ ਭਾਰਤੀ ਅਛੂਤਾਂ ਵਰਗੀ ਸੀ। ਦੋਵਾਂ ਵਿੱਚ ਇੱਕੋ ਇੱਕ ਫ਼ਰਕ ਹੈ ਕਿ ਨੀਗਰੋਜ਼ ਦੀ ਗੁਲਾਮੀ ਨੂੰ ਕਾਨੂੰਨ ਦੁਆਰਾ ਮਨਜ਼ੂਰੀ ਦਿੱਤੀ ਗਈ ਸੀ ਜਦੋਂ ਕਿ ਤੁਹਾਡੀ ਗੁਲਾਮੀ ਧਰਮ ਦੀ ਉਪਜ ਹੈ। ਕੁਝ ਅਮਰੀਕੀ ਸੁਧਾਰਕਾਂ ਨੇ ਨੀਗਰੋਜ਼ ਨੂੰ ਆਜ਼ਾਦ ਕਰਨ ਦਾ ਕੰਮ ਆਪਣੇ ਹੱਥ ਵਿੱਚ ਲਿਆ ਸੀ। ਪਰ ਕੀ ਹਿੰਦੂ ਸਮਾਜ ਸੁਧਾਰਕਾਂ ਦੀ ਤੁਲਨਾ ਉਨ੍ਹਾਂ ਅਮਰੀਕੀ ਗੋਰੇ ਸੁਧਾਰਕਾਂ ਨਾਲ ਕੀਤੀ ਜਾ ਸਕਦੀ ਹੈ ਜਿਨ੍ਹਾਂ ਨੇ ਨੀਗਰੋਜ਼ ਨੂੰ ਆਜ਼ਾਦ ਕਰਵਾਇਆ ਸੀ? ਉਨ੍ਹਾਂ ਅਮਰੀਕੀ ਗੋਰੇ ਸਮਾਜ ਸੁਧਾਰਕਾਂ ਨੇ ਆਪਣੇ ਹੀ ਰਿਸ਼ਤੇਦਾਰਾਂ ਵਿਰੁੱਧ ਹਥਿਆਰਬੰਦ ਫੌਜੀ ਲੜਾਈਆਂ ਲੜੀਆਂ। ਉਨ੍ਹਾਂ ਹਜ਼ਾਰਾਂ ਗੋਰੇ ਅਮਰੀਕੀਆਂ ਨੂੰ ਮਾਰ ਦਿੱਤਾ। ਕਿਉਂਕਿ ਉਹ ਗੁਲਾਮੀ ਜਾਰੀ ਰੱਖਣ ਦੇ ਹੱਕ ਵਿੱਚ ਸਨ ਅਤੇ ਅਜਿਹਾ ਕਰਦੇ ਹੋਏ, ਅਮਰੀਕੀ ਗੋਰੇ ਸੈਨਿਕਾਂ ਨੇ ਵੀ ਆਪਣਾ ਖੂਨ ਕੁਰਬਾਨ ਕਰ ਦਿੱਤਾ। ਜਦੋਂ ਅਸੀਂ ਇਤਿਹਾਸ ਦੇ ਪੰਨਿਆਂ ਵਿੱਚ ਇਨ੍ਹਾਂ ਘਟਨਾਵਾਂ ਦਾ ਵਰਣਨ ਪੜ੍ਹਦੇ ਹਾਂ, ਤਾਂ ਅਸੀਂ ਇਹ ਕਹਿਣ ਲਈ ਮਜਬੂਰ ਹੁੰਦੇ ਹਾਂ ਕਿ ਭਾਰਤੀ ਸੁਧਾਰਕ ਅਮਰੀਕੀ ਸਮਾਜ ਸੁਧਾਰਕਾਂ ਦੇ ਮੁਕਾਬਲੇ ਵਿੱਚ ਕਿਸੇ ਵੀ ਤਰ੍ਹਾਂ ਦੇ ਨਹੀਂ ਹਨ। ਕਹਾਵਤ "ਕਹਾਂ ਰਾਜਾ ਕਹਾਂ ਪੋਤਰਾਜਾ" ਜਿਸਨੂੰ ਉੱਤਰੀ ਭਾਰਤ ਵਿੱਚ "ਕਹਾਂ ਰਾਜਾ ਭੋਜ ਕਹਾਂ ਗੰਗੂ ਤੇਲੀ" ਕਿਹਾ ਜਾਂਦਾ ਹੈ, ਲਾਗੂ ਹੁੰਦੀ ਹੈ। ਕਿਸੇ ਨੂੰ ਉਨ੍ਹਾਂ ਸੁਧਾਰਕਾਂ ਤੋਂ ਪੁੱਛਣਾ ਚਾਹੀਦਾ ਹੈ ਜੋ ਆਪਣੇ ਆਪ ਨੂੰ ਭਾਰਤ ਦੇ ਅਛੂਤਾਂ ਦੇ ਦਾਨੀ ਕਹਿੰਦੇ ਹਨ, ਕੀ ਉਹ ਆਪਣੇ ਹੀ ਹਿੰਦੂ ਭਰਾਵਾਂ ਵਿਰੁੱਧ ਘਰੇਲੂ ਯੁੱਧ ਲੜਨ ਲਈ ਤਿਆਰ ਹਨ, ਜਿਵੇਂ ਅਮਰੀਕੀ ਗੋਰੇ ਨੀਗਰੋਜ਼ ਲਈ ਆਪਣੇ ਹੀ ਗੋਰੇ ਭਰਾਵਾਂ ਵਿਰੁੱਧ ਲੜੇ ਸਨ? ਜੇ ਨਹੀਂ, ਤਾਂ ਸੁਧਾਰਾਂ ਦੀਆਂ ਇਨ੍ਹਾਂ ਲੰਮੀਆਂ ਗੱਲਾਂ ਦਾ ਕੀ ਮਤਲਬ ਹੈ? ਅਛੂਤਾਂ ਲਈ ਲੜਨ ਦਾ ਦਾਅਵਾ ਕਰਨ ਵਾਲੇ ਹਿੰਦੂਆਂ ਵਿੱਚੋਂ ਸਭ ਤੋਂ ਮਹਾਨ ਹਿੰਦੂ ਮਹਾਤਮਾ ਗਾਂਧੀ ਹਨ। ਉਹ ਕਿਸ ਹੱਦ ਤੱਕ ਸਮਰਥਨ ਕਰ ਸਕਦੇ ਹਨ? ਮਹਾਤਮਾ ਗਾਂਧੀ, ਜੋ ਬ੍ਰਿਟਿਸ਼ ਸਰਕਾਰ ਵਿਰੁੱਧ ਅਹਿੰਸਕ ਅੰਦੋਲਨ ਦੀ ਅਗਵਾਈ ਕਰ ਰਹੇ ਹਨ, ਅਛੂਤਾਂ ਦੇ ਅਤਿਆਚਾਰੀ ਹਿੰਦੂਆਂ ਵਿਰੁੱਧ ਬੋਲ ਕੇ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਵੀ ਤਿਆਰ ਨਹੀਂ ਹਨ। ਉਹ ਉਨ੍ਹਾਂ ਵਿਰੁੱਧ ਸੱਤਿਆਗ੍ਰਹਿ ਸ਼ੁਰੂ ਕਰਨਾ ਚਾਹੁੰਦੇ ਹਨ। ਉਹ ਹਿੰਦੂਆਂ ਵਿਰੁੱਧ ਕੋਈ ਕਾਨੂੰਨੀ ਲੜਾਈ ਨਹੀਂ ਲੜਨਾ ਚਾਹੁੰਦੇ। ਮੈਨੂੰ ਅਜਿਹੇ ਸੁਧਾਰਕਾਂ ਤੋਂ ਕੋਈ ਚੰਗਾ ਨਹੀਂ ਦਿਖਾਈ ਦਿੰਦਾ। ਕਸੂਰ ਸਿਰਫ਼ ਅਛੂਤ ਹਿੰਦੂਆਂ ਦਾ ਹੈ।

**ਬਾਕੀ ਲੇਖ ਕੱਲ੍ਹ ਪ੍ਰਕਾਸ਼ਿਤ ਕੀਤਾ ਜਾਵੇਗਾ...**

"ਇਕੁਐਲਿਟੀ ਐਂਡ ਜਸਟਿਸ"
"Equality and Justice" ਸਵਤੰਤ੍ਰਤਾ, ਸਮਾਨਤਾ, ਭਾਈਚਾਰਾ Rs- 100/month

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਜੁਲਾਈ
INTERNATIONAL PAPER, 94636 01616
hardipchumber57@gmail.com

# ਹਿੰਦੂ ਸਮਾਜ ਦਾ ਨੀਂਹ ਪੱਥਰ

ਬਾਬਾ ਸਾਹਿਬ ਡਾ. ਅੰਬੇਡਕਰ

**ਲੇਖਲੜੀ ਦਾ ਭਾਗ ਨੂੰ -6**

## ਕੱਲ੍ਹ ਦੇ ਲੇਖ, 'ਹਿੰਦੂ ਸਮਾਜ ਦਾ ਨੀਂਹ ਪੱਥਰ' ਦਾ ਅਗਲਾ ਭਾਗ

ਇਸ ਲਈ, ਇਹ ਜਾਪਦਾ ਹੈ ਕਿ ਦਯਾਭਾਗ ਤੋਂ ਅਯੋਗਤਾ ਸਿਰਫ਼ ਨਿੱਜੀ ਹੈ, ਜਾਤ ਵਿੱਚੋਂ ਕੱਢੇ ਗਏ ਵਿਅਕਤੀ ਦੇ ਮਾਮਲੇ ਨੂੰ ਛੱਡ ਕੇ। ਇਹ ਕਿਹਾ ਜਾ ਸਕਦਾ ਹੈ ਕਿ ਹਰੇਕ ਛੇਕੇ ਗਏ ਵਿਅਕਤੀ ਨੂੰ ਬਣਾਈ ਰੱਖਣ ਦਾ ਅਧਿਕਾਰ ਹੈ ਅਤੇ ਉਹ ਕਿਸੇ ਵੀ ਸਮੇਂ ਉਹ ਪ੍ਰਾਪਤ ਕਰ ਸਕਦਾ ਹੈ ਜੋ ਉਸ ਕੋਲ ਪਹਿਲਾਂ ਸੀ। ਇਨ੍ਹਾਂ ਪ੍ਰਬੰਧਾਂ ਪਿੱਛੇ ਜੋ ਵੀ ਸਿਆਣਪ ਹੋਵੇ, ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਸਰਵ ਵਿਆਪਕ ਤੌਰ 'ਤੇ ਨਿਆਂ ਤੋਂ ਸੱਖਣੇ ਹਨ ਜਾਂ ਪੂਰੀ ਤਰ੍ਹਾਂ ਮਨੁੱਖਤਾ ਤੋਂ ਸੱਖਣੇ ਹਨ। ਇਸ ਦੇਸ਼ ਦੇ ਕਾਨੂੰਨ ਦੀ ਤੁਲਨਾ ਸਾਡੇ ਦੇਸ਼ ਦੇ ਕਾਨੂੰਨ ਨਾਲ ਕਰਦੇ ਹੋਏ, ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਸੀਂ ਅਜਿਹਾ ਕੋਈ ਕਾਨੂੰਨ ਨਹੀਂ ਬਣਾਇਆ ਹੈ ਕਿ ਬੱਚਿਆਂ ਨੂੰ ਵਸੀਅਤ ਰਾਹੀਂ ਉਨ੍ਹਾਂ ਦੀ ਵਿਰਾਸਤ ਤੋਂ ਪੂਰੀ ਤਰ੍ਹਾਂ ਵਾਂਝਾ ਨਾ ਕੀਤਾ ਜਾ ਸਕੇ।

ਅਗਲੇ ਅਧਿਆਇ ਵਿੱਚ ਇਹ ਸਮਝਾਇਆ ਗਿਆ ਹੈ ਕਿ ਇੱਕ ਵਿਅਕਤੀ ਜੋ ਇਹਨਾਂ ਦੋਵਾਂ ਧਰਮਾਂ ਵਿੱਚੋਂ ਕਿਸੇ ਇੱਕ ਵਿੱਚ ਦੀਖਿਆ ਲੈਂਦਾ ਹੈ (ਜਿਵੇਂ ਕਿ ਸਾਡੇ ਦੇਸ਼ ਵਿੱਚ, ਹਰ ਧਾਰਮਿਕ ਕ੍ਰਾਂਤੀ ਤੋਂ ਪਹਿਲਾਂ ਇੱਕ ਵਿਅਕਤੀ ਦੀਖਿਆ ਲਈ ਜਾਂਦੀ ਹੈ) ਨੂੰ ਸਮਾਜਿਕ ਤੌਰ 'ਤੇ ਮਰਿਆ ਹੋਇਆ ਮੰਨਿਆ ਜਾਂਦਾ ਹੈ ਅਤੇ ਉਸਦੇ ਬੱਚੇ ਉਸਦੇ ਜੀਵਨ ਕਾਲ ਦੌਰਾਨ ਵਿਰਾਸਤ ਨੂੰ ਸੰਭਾਲ ਲੈਂਦੇ ਹਨ, ਜਿਵੇਂ ਕਿ ਉਹ ਕੁਦਰਤੀ ਮੌਤ ਮਰ ਗਿਆ ਹੋਵੇ, ਅਤੇ ਜਿਸ ਪਲ ਉਹ ਵਿਅਕਤੀ ਆਪਣੇ ਆਪ ਨੂੰ ਸੰਸਾਰਿਕ ਗਤੀਵਿਧੀਆਂ ਤੋਂ ਮੁਕਤ ਕਰ ਲੈਂਦਾ ਹੈ, ਉਸਨੂੰ ਵਿਰਾਸਤ ਲਈ ਅਯੋਗ ਘੋਸ਼ਿਤ ਕਰ ਦਿੱਤਾ ਜਾਂਦਾ ਹੈ, ਇਸੇ ਤਰ੍ਹਾਂ ਇੱਕ ਵਿਅਕਤੀ ਜੋ ਸ਼ੁਰੂ ਵਿੱਚ ਇੱਕ ਸ਼ਰਧਾਲੂ ਹੋਣ ਦਾ ਮਾਣ ਕਰਦਾ ਹੈ ਅਤੇ ਬਾਅਦ ਵਿੱਚ ਇੱਕ ਸ਼ਰਧਾਲੂ ਬਣ ਜਾਂਦਾ ਹੈ। ਪਹਿਲੀ ਸ਼੍ਰੇਣੀ ਵਿੱਚ ਉਹ ਲੋਕ ਸ਼ਾਮਲ ਹਨ ਜੋ ਦਿਖਾਵਾ ਕਰਦੇ ਹਨ, ਨਕਲ ਕਰਦੇ ਹਨ, ਪਵਿੱਤਰ ਚਿੰਨ੍ਹ ਅਤੇ ਪ੍ਰਤੀਕ ਪਹਿਨਦੇ ਹਨ, ਅਤੇ ਕੁਝ ਅਧਿਆਤਮਿਕ ਅਭਿਆਸ ਕਰਦੇ ਹਨ ਪਰ ਉਨ੍ਹਾਂ ਦਾ ਦ੍ਰਿਸ਼ਟੀਕੋਣ ਸੁਆਰਥੀ ਹੈ।

ਬਾਹਰ ਕੱਢਣ ਦਾ ਬਾਕੀ ਕਾਰਨ ਗਲਤ ਵਿਆਹ ਹੈ, ਯਾਨੀ ਕਿ ਇੱਕ ਅਜਿਹਾ ਵਿਆਹ ਜਿਸ ਵਿੱਚ ਪਤੀ ਅਤੇ ਪਤਨੀ ਇੱਕੋ ਵੰਸ਼ ਨਾਲ ਸਬੰਧਤ ਹਨ। ਅਜਿਹਾ ਵਿਆਹ ਬੇਮੇਲ ਹੁੰਦਾ ਹੈ। ਇਸ ਲਈ, ਇਸਦੇ ਨਤੀਜੇ ਵਜੋਂ ਪੈਦਾ ਹੋਣ ਵਾਲਾ ਬੱਚਾ ਉਹ ਵਿਰਾਸਤ ਨਹੀਂ ਪ੍ਰਾਪਤ ਕਰ ਸਕਦਾ ਜੋ ਸ਼ੂਦਰਾਂ ਵਿੱਚ ਮਿਲਦੀ ਹੈ। ਅਤੇ ਇਹੀ ਨਤੀਜਾ ਉਨ੍ਹਾਂ ਵਿਆਹਾਂ ਵਿੱਚ ਹੁੰਦਾ ਹੈ ਜਿੱਥੇ ਵਿਆਹ ਜਮਾਤੀ ਕ੍ਰਮ ਅਨੁਸਾਰ ਨਹੀਂ ਹੋਇਆ ਹੁੰਦਾ।

ਹੁਣ, ਸਵਾਲ ਇਹ ਹੈ ਕਿ, ਅਜਿਹੀ ਸਥਿਤੀ ਵਿੱਚ, ਕੀ ਉਸਦਾ ਉੱਤਰਾਧਿਕਾਰੀ ਵਿਰਾਸਤ ਪ੍ਰਾਪਤ ਕਰ ਸਕਦਾ ਹੈ ਜੇਕਰ ਉਸ 'ਤੇ ਕੋਈ ਪਾਬੰਦੀ ਨਹੀਂ ਹੈ? ਕੀ ਜਾਤ ਨੂੰ ਧਾਰਮਿਕ ਮਾਨਤਾ ਹੈ? ਵੇਦ ਜਾਤ ਨੂੰ ਮਾਨਤਾ ਦਿੰਦੇ ਹਨ।

ਰਿਗਵੇਦ ਜਾਤ ਨੂੰ ਮਾਨਤਾ ਦਿੰਦਾ ਹੈ ਅਤੇ ਇਸਨੂੰ ਹੇਠ ਲਿਖੀਆਂ ਆਇਤਾਂ ਵਿੱਚ ਸਮਝਾਉਂਦਾ ਹੈ:

1. ਇਸ ਆਦਮੀ ਦੇ ਹਜ਼ਾਰ ਸਿਰ, ਹਜ਼ਾਰ ਅੱਖਾਂ ਅਤੇ ਹਜ਼ਾਰ ਪੈਰ ਹਨ। ਇਹ ਧਰਤੀ ਨੂੰ ਸਾਰੇ ਪਾਸਿਆਂ ਤੋਂ ਢੱਕਦਾ ਹੈ, ਇਹ ਧਰਤੀ ਤੋਂ ਦਸ ਇੰਚ ਉੱਪਰ ਹੈ।

2. ਇਹ ਪੁਰਸ਼ ਖੁਦ ਹੀ ਸਮੁੱਚਾ (ਬ੍ਰਹਿਮੰਡ) ਹੈ, ਜੋ ਅਸਲ ਵਿੱਚ ਮੌਜੂਦ ਹੈ ਅਤੇ ਜੋ ਵੀ ਭਵਿੱਖ ਵਿੱਚ ਹੋਵੇਗਾ। ਇਹ ਮਨੁੱਖ ਅਮਰਤਾ ਦਾ ਮਾਲਕ ਹੈ, ਜੋ ਭੋਜਨ ਵਿੱਚ ਅਮੀਰ ਹੈ।

, ਉਸਦੀ ਵਿਸ਼ਾਲਤਾ ਇੰਨੀ ਹੈ ਕਿ ਜੋ ਕੁਝ ਵੀ ਉਸ ਤੋਂ ਪਰੇ ਹੈ ਉਹ ਉਸਦਾ ਚੌਥਾਈ ਹਿੱਸਾ ਹੈ, ਇਸਦਾ ਤਿੰਨ ਚੌਥਾਈ ਹਿੱਸਾ ਇਹ ਅਮਰ ਅਸਮਾਨ ਹੈ।

4. ਆਦਮੀ ਦੇ ਸਰੀਰ ਦਾ ਤਿੰਨ-ਚੌਥਾਈ ਹਿੱਸਾ ਉੱਪਰ ਸਥਿਤ ਹੈ। ਇਸਦਾ ਚੌਥਾ ਹਿੱਸਾ ਇਸ ਆਦਮੀ ਤੋਂ ਪੁਨਰ-ਉਤਪੰਨ ਹੋਇਆ ਸੀ। ਫਿਰ ਇਹ ਸਾਰਿਆਂ ਵਿੱਚ ਫੈਲ ਗਿਆ, ਖਾਣ ਵਾਲਿਆਂ ਵਿੱਚ ਵੀ ਅਤੇ ਨਾ ਖਾਣ ਵਾਲਿਆਂ ਵਿੱਚ ਵੀ।

5. ਉਸ ਤੋਂ ਵਿਰਾਟ ਪੈਦਾ ਹੋਇਆ, ਅਤੇ ਵਿਰਾਟ ਤੋਂ ਪੁਰਸ਼ ਪੈਦਾ ਹੋਇਆ। ਜਦੋਂ ਇਹ ਪੈਦਾ ਹੋਇਆ ਤਾਂ ਇਹ ਧਰਤੀ ਤੋਂ ਪਰੇ, ਇਸਦੇ ਅੱਗੇ ਅਤੇ ਇਸਦੇ ਪਿੱਛੇ ਫੈਲਿਆ ਹੋਇਆ ਸੀ।

6. ਜਦੋਂ ਦੇਵਤਿਆਂ ਨੇ ਨਵੇਂ ਮਨੁੱਖ ਦੀ ਬਲੀ ਦੇ ਕੇ ਯੱਗ ਕੀਤਾ, ਤਾਂ ਬਸੰਤ ਘਿਓ ਸੀ, ਗਰਮੀਆਂ ਬਾਲਣ ਸਨ ਅਤੇ ਪਤਝੜ (ਇਸਦੇ ਨਾਲ) ਭੇਟ ਬਣ ਗਈ।

7. ਉਸਨੇ ਇਸ ਬਲੀਦਾਨ ਨੂੰ, ਯਾਨੀ ਕਿ, ਉਸ ਮਨੁੱਖ ਨੂੰ ਜੋ ਆਦਿ ਵਿੱਚ ਪੈਦਾ ਹੋਇਆ ਸੀ, ਬਲੀਦਾਨ ਦੀ ਅੱਗ ਵਿੱਚ ਸਾੜ ਦਿੱਤਾ। ਦੇਵਤਿਆਂ, ਰਿਸ਼ੀਆਂ ਅਤੇ ਸੰਤਾਂ ਨੇ ਇਸ ਨਾਲ ਯੱਗ ਕੀਤਾ।

8. ਉਸ ਵੱਡੇ ਯੱਗ ਦੇ ਨਾਲ ਦਹੀਂ ਅਤੇ ਘਿਓ ਪ੍ਰਾਪਤ ਕੀਤਾ ਗਿਆ। ਉਸ ਤੋਂ, ਉੱਡਣ ਵਾਲੇ ਪੰਛੀ ਅਤੇ ਜੰਗਲੀ ਅਤੇ ਘਰੇਲੂ ਜਾਨਵਰ ਬਣਾਏ ਗਏ।

9. ਉਸ ਵਿਸ਼ਾਲ ਯੱਗ ਤੋਂ, ਰਿਚਸ, ਸਾਮ, ਚੰਦ ਅਤੇ ਯਜੂ ਪੈਦਾ ਹੋਏ।"

10. ਉਸ ਤੋਂ ਘੋੜੇ ਅਤੇ ਦੋਵੇਂ ਪਾਸੇ ਦੰਦਾਂ ਵਾਲੇ ਸਾਰੇ ਜਾਨਵਰ ਪੈਦਾ ਹੋਏ। ਉਸ ਤੋਂ ਗਾਵਾਂ ਪੈਦਾ ਹੋਈਆਂ, ਅਤੇ ਉਸ ਤੋਂ ਬੱਕਰੀਆਂ ਅਤੇ ਭੇਡਾਂ ਪੈਦਾ ਹੋਈਆਂ।

11. ਜਦੋਂ (ਦੇਵਤਿਆਂ) ਨੇ ਮਨੁੱਖ ਨੂੰ ਵੰਡਿਆ, ਤਾਂ ਉਨ੍ਹਾਂ ਨੇ ਉਸਨੂੰ ਕਿੰਨੇ ਹਿੱਸਿਆਂ ਵਿੱਚ ਵੰਡਿਆ? ਉਸਦਾ ਚਿਹਰਾ ਕਿਹੋ ਜਿਹਾ ਸੀ? ਉਸਦੀਆਂ ਬਾਹਾਂ ਕਿਹੋ ਜਿਹੀਆਂ ਸਨ? ਕਿਹੜੇ (ਦੋ) ਉਸ ਦੇ ਪੱਟ ਅਤੇ ਲੱਤਾਂ ਦੱਸੇ ਗਏ ਸਨ?

12. ਬ੍ਰਾਹਮਣ ਉਸਦਾ ਮੂੰਹ ਸੀ; ਖੱਤਰੀ (ਰਾਜੇ) ਉਸਦੀਆਂ ਬਾਹਾਂ ਸਨ, ਵੈਸ਼ ਕਹਾਉਣ ਵਾਲੇ ਜੀਵ ਉਸਦੀਆਂ ਪੱਟਾਂ ਸਨ ਅਤੇ ਸ਼ੂਦਰ ਉਸਦੇ ਪੈਰਾਂ ਤੋਂ ਪੈਦਾ ਹੋਏ ਸਨ।

13 ਉਸਦੀ ਆਤਮਾ (ਮਾਨਸ) ਤੋਂ ਚੰਦਰਮਾ ਪੈਦਾ ਹੋਇਆ, ਉਸਦੀ ਅੱਖ ਤੋਂ ਸੂਰਜ, ਉਸਦੇ ਮੂੰਹ ਤੋਂ ਇੰਦਰ ਅਤੇ ਉਸਦੇ ਸਾਹ ਤੋਂ ਵਾਯੂ ਪੈਦਾ ਹੋਇਆ।

14. ਉਸਦੀ ਨਾਭੀ ਤੋਂ ਪੁਲਾੜ, ਉਸਦੇ ਸਿਰ ਤੋਂ ਸੰਸਾਰ, ਉਸਦੇ ਪੈਰਾਂ ਤੋਂ ਧਰਤੀ, ਅਤੇ ਉਸਦੇ ਕੰਨਾਂ ਤੋਂ ਚਾਰੇ ਦਿਸ਼ਾਵਾਂ ਪੈਦਾ ਹੋਈਆਂ; ਇਸ ਤਰ੍ਹਾਂ (ਦੇਵਤਿਆਂ) ਨੇ ਸੰਸਾਰਾਂ ਦੀ ਸਿਰਜਣਾ ਕੀਤੀ।

15. ਜਦੋਂ ਦੇਵਤਿਆਂ ਨੇ ਯੱਗ ਕਰਦੇ ਸਮੇਂ ਮਨੁੱਖ ਨੂੰ ਬਲੀ ਵਜੋਂ ਬੰਨ੍ਹਿਆ, ਤਾਂ ਉਸ ਲਈ (ਅੱਗ ਦੇ ਦੁਆਲੇ) ਸੱਤ ਅਗਨੀ-ਸਮਿਧਾਵਾਂ ਰੱਖੀਆਂ ਗਈਆਂ ਅਤੇ ਉਸ ਲਈ ਬਾਲਣ ਵਜੋਂ ਇੱਕੀ ਅਗਨੀ-ਸਮਿਧਾਵਾਂ ਤਿਆਰ ਕੀਤੀਆਂ ਗਈਆਂ।

16. ਦੇਵਤਿਆਂ ਨੇ ਬਲੀਦਾਨ ਦੇ ਕੇ ਯੱਗ ਕੀਤਾ। ਉਨ੍ਹਾਂ ਮਹਾਨ ਸ਼ਕਤੀਆਂ ਨੇ ਸਵਰਗ ਪ੍ਰਾਪਤ ਕੀਤਾ ਜਿੱਥੇ ਪੂਰਵ-ਨਿਰਧਾਰਤ ਸਾਧੀ, ਦੇਵਤੇ ਹਨ।

**ਬਾਕੀ ਲੇਖ ਕੱਲ੍ਹ ਪ੍ਰਕਾਸ਼ਿਤ ਕੀਤਾ ਜਾਵੇਗਾ...**

# ਉਸਾਰੀ ਮਿਸਤਰੀ ਮਜਦੂਰ ਯੂਨੀਅਨ ਵਲੋਂ 25 ਜੁਲਾਈ ਦੀ ਸੰਗਰੂਰ ਰੈਲੀ ਵਿਚ ਪਹੁੰਚਣ ਦਾ ਐਲਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਜੁਲਾਈ
INTERNATIONAL PAPER, 94636 01616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੁੰਗੜਾ) ਅੱਜ ਉਸਾਰੀ ਮਿਸਤਰੀ ਮਜਦੂਰ ਯੂਨੀਅਨ ( ਇਫਟੂ ) ਨੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗ੍ਰਿਫ਼ਤਾਰ ਕੀਤੇ ਆਗੂਆਂ ਦੀ ਰਿਹਾਈ ਲਈ ਅਤੇ ਪੁਲਸ ਜਬਰ ਦੇ ਵਿਰੁੱਧ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ 25 ਜੁਲਾਈ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਵਿਚ ਪਹੁੰਚਣ ਦਾ ਐਲਾਨ ਕੀਤਾ ਹੈ।ਯੂਨੀਅਨ ਨੇ ਇਹ ਐਲਾਨ ਇੱਥੇ ਕੀਤੀ ਗਈ ਮੀਟਿੰਗ ਵਿਚ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਦੇ ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਨਵਾਂਸ਼ਹਿਰ ਦੇ ਪ੍ਰਧਾਨ ਸ਼ਿਵ ਨੰਦਨ, ਓਮਪ੍ਰਕਾਸ਼ ਨੇ ਕਿਹਾ ਕਿ 20 ਮਈ ਨੂੰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਸ਼ਹਿ ਉੱਤੇ ਪੁਲਸ ਨੇ ਸੰਗਰੂਰ ਜਿਲੇ ਦੀ 927 ਏਕੜ ਬੇਨਾਮੀ ਜਮੀਨ ਉੱਤੇ ਬੇਗਮ ਪੁਰਾ ਵਸਾਉਣ ਜਾ ਰਹੇ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫਤਾਰ ਕੀਤਾ ਸੀ ਜਿਹਨਾਂ ਵਿਚੋਂ ਕਈ ਅਜੇ ਵੀ ਜੇਹਲ ਵਿਚ ਬੰਦ ਹਨ।ਕਮੇਟੀ ਦੇ ਦੋ ਆਗੂਆਂ ਨੂੰ ਪੁਲਸ ਨੇ ਗੱਲਬਾਤ ਦੇ ਬਹਾਨੇ ਸੱਦਕੇ ਗ੍ਰਿਫਤਾਰ ਕੀਤਾ।ਉਹਨਾਂ ਕਿਹਾ ਕਿ ਮਾਨ ਸਰਕਾਰ ਪੰਜਾਬ ਨੂੰ ਪੁਲਸ ਰਾਜ ਬਣਾ ਰਹੀ ਹੈ,ਆਏ ਦਿਨ ਝੂਠੇ ਪੁਲਿਸ ਮੁਕਾਬਲੇ ਬਣਾਏ ਜਾ ਰਹੇ ਹਨ, ਪੁਲਸ ਹਿਰਾਸਤ ਵਿਚ ਮੌਤਾਂ ਹੋ ਰਹੀਆਂ ਹਨ।ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਪੁਲਸ ਜਬਰ ਨਾਲ ਦਬਾਇਆ ਜਾ ਰਿਹਾ ਹੈ ਅਤੇ ਯੂ.ਪੀ ਦੀ ਤਰਜ ਉੱਤੇ ਘਰਾਂ ਨੂੰ ਬੁਲਡੋਜ਼ਰਾਂ ਨਾਲ ਤਬਾਹ ਕੀਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਮਾਨ ਸਰਕਾਰ ਸ਼ਹੀਦ ਭਗਤ ਸਿੰਘ ਅਤੇ ਡਾਕਟਰ ਬੀ.ਆਰ ਅੰਬੇਡਕਰ ਦੇ ਗੁਣਗਾਨ ਕਰਦੀ ਨਹੀਂ ਥੱਕਦੀ ਪਰ ਉਹਨਾਂ ਦੇ ਅਸਲ ਵਾਰਿਸਾਂ ਨੂੰ ਜੇਹਲਾਂ ਵਿਚ ਤਾੜ ਰਹੀ ਹੈ।ਉਹਨਾਂ ਕਿਹਾ ਕਿ ਮਾਨ ਸਰਕਾਰ ਦਾ ਦਲਿਤ ਵਿਰੋਧੀ ਚੇਹਰਾ ਆਏ ਦਿਨ ਨੰਗਾ ਹੋ ਰਿਹਾ ਹੈ ਅਤੇ ਇਸ ਸਰਕਾਰ ਵਲੋਂ ਖੜ੍ਹੇ ਕੀਤੇ ਧੂੰਏ ਦੇ ਪਹਾੜ ਸੰਘਰਸ਼ਾਂ ਦੀ ਹਨੇਰੀ ਨਾਲ ਉੱਡ ਰਹੇ ਹਨ।ਆਗੂਆਂ ਨੇ ਕਿਹਾ ਕਿ ਲੋਕ ਸੰਘਰਸ਼ਾਂ ਨੂੰ ਜਬਰ ਨਾਲ ਨਹੀਂ ਦਬਾਇਆ ਜਾ ਸਕਦਾ।ਉਹਨਾਂ ਕਿਹਾ ਕਿ ਜਥੇਬੰਦੀਆਂ ਸੰਗਰੂਰ ਵਿਚ ਵੱਡਾ ਇਕੱਠ ਕਰਕੇ ਪੁਲਸ ਦੀ ਦਹਿਸ਼ਤ ਨੂੰ ਤੋੜਨਗੀਆਂ। ਇਸ ਮੌਕੇ ਬਬਲੂ ਸਲੋਹ, ਰਜਿੰਦਰ, ਮੁਕੇਸ਼, ਆਜਾਦ ਨੇ ਵੀ ਵਿਚਾਰ ਪ੍ਰਗਟ ਕੀਤੇ।

# ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਬਿਊਟੀ ਪਾਰਲਰ ਦੀ ਦਿੱਤੀ ਸਿਖਲਾਈ,,

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਜੁਲਾਈ
INTERNATIONAL PAPER, 94636 01616
hardipchumber57@gmail.com



ਮਾਨਸਾ 24 ਜੁਲਾਈ (ਆਤਮਾ ਸਿੰਘ ਪਮਾਰ ) ਸਟੇਟ ਬੈਂਕ ਆਫ ਇੰਡੀਆ ਤੇ ਭਾਰਤ ਸਰਕਾਰ ਵਲੋਂ ਚਲਾਏ ਜਾ ਰਹੇ ਪੇਂਡੂ ਸਵੈ-ਰੋਜ਼ਗਾਰ ਸਿਖਲਾਈ ਸੰਸਥਾਨ, ਪਿੰਡ ਚਕੇਰੀਆਂ (ਮਾਨਸਾ) ਵੱਲੋ 35 ਦਿਨਾਂ ਦੀ ਬਿਊਟੀ ਪਾਰਲਰ ਦੀ ਸਿਖਲਾਈ ਦਿੱਤੀ ਗਈ। ਇਸ ਮੌਕੇ ਮਾਨਯੋਗ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਵੱਲੋਂ ਸਿਖਿਆਰਥੀਆਂ ਨੂੰ ਸਿਖਲਾਈ ਮੁਕੰਮਲ ਹੋਣ ਤੇ ਮੁਬਾਰਕਾਂ ਦਿੱਤੀਆਂ ਗਈਆਂ। ਇਸ ਵਿਸ਼ੇਸ਼ ਮੌਕੇ 'ਤੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੀ ਤਕਸੀਮ ਕੀਤੇ ਗਏ। ਡਿਪਟੀ ਕਮਿਸ਼ਨਰ ਨੇ ਸਿਖਿਆਰਥੀਆਂ ਨੂੰ ਇਸ ਹੁਨਰ ਦਾ ਲਾਭ ਲੈ ਕੇ ਆਪਣਾ ਰੁਜ਼ਗਾਰ ਸ਼ੁਰੂ ਕਰਨ ਬਾਰੇ ਵੀ ਪ੍ਰੇਰਿਤ ਕੀਤਾ ਤਾਂ ਜੋ ਉਹ ਆਰਥਿਕ ਪੱਖੋ ਮਜਬੂਤ ਹੋ ਸਕਣ। ਇਸ ਤੋ ਬਾਅਦ ਬੈਂਕ ਸਟਾਫ ਵੱਲੋਂ ਬੱਚਿਆਂ ਨੂੰ ਮੁਦਰਾ ਲੋਨ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਬੈਂਕ ਦੀਆ ਹੋਰ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਸਮੇ ਮੈਡਮ ਹਰਲੀਨ ਕੋਰ ਆਈ ਏ ਐਸ ਡਾਇਰੈਕਟਰ ਆਰਸੇਟੀ, ਮੈਡਮ ਸਰਬਜੀਤ ਕੌਰ ਅਤੇ ਲੋਨ ਸੈਲ ਤੇ ਦਲੀਪ ਕੁਮਾਰ ਅਤੇ ਬੈਂਕ ਦਾ,ਸਟਾਫ਼ ਵੀ ਹਾਜ਼ਰ ਸੀ।

# ਬਿਜਲੀ ਕਾਮਿਆਂ ਨੇ ਫੂਕੀ ਪੰਜਾਬ ਸਰਕਾਰ, ਬਿਜਲੀ ਮੰਤਰੀ ਤੇ ਮੈਨੇਜਮੈਂਟ ਦੀ ਅਰਥੀ

## 27 ਨੂੰ ਘੇਰਾਂਗੇ ਬਿਜਲੀ ਮੰਤਰੀ ਦੀ ਕੋਠੀ ਤੇ 11,12,13 ਨੂੰ ਮੁਕੰਮਲ ਕੰਮਕਾਜ ਠੱਪ : ਰਾਮਗੜ੍ਹ, ਮਹਿਦੂਦਾਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਜੁਲਾਈ
INTERNATIONAL PAPER, 94636 01616
hardipchumber57@gmail.com



ਲੁਧਿਆਣਾ 24 ਜੁਲਾਈ () ਬੀਤੀ 2 ਜੂਨ ਨੂੰ ਲੰਬੀ ਚਰਚਾ ਤੋਂ ਬਾਅਦ ਬਿਜਲੀ ਮੰਤਰੀ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਨੇ ਮੋਹਾਲੀ ਵਿਖੇ ਹੋਈ ਮੀਟਿੰਗ ਚ ਜਿਨ੍ਹਾਂ ਮੰਗਾਂ ਨੂੰ ਮੰਨ ਲਿਆ ਸੀ ਉਨ੍ਹਾਂ ਦਾ ਅਜੇ ਤੱਕ ਨੋਟੀਫਿਕੇਸ਼ਨ ਜਾਰੀ ਹੋਣ ਦੇ ਰੋਸ ਵਿੱਚ ਬਿਜਲੀ ਮੁਲਾਜਮ ਸੰਘਰਸ਼ ਦੇ ਰਾਹ 'ਤੇ ਹਨ। ਉਨ੍ਹਾਂ ਵੱਲੋਂ ਜਿਥੇ ਲਗਾਤਾਰ ਧਰਨੇ ਮੁਜ਼ਾਹਰੇ ਕੀਤੇ ਜਾ ਰਹੇ ਹਨ ਉਥੇ ਹੀ ਪੰਜਾਬ ਭਰ ਦੀਆਂ ਡਵੀਜਨਾਂ ਵਿੱਚ ਅੱਜ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ। ਲੁਧਿਆਣਾ ਦੀ ਸੁੰਦਰ ਨਗਰ ਡਵੀਜ਼ਨ ਦੇ ਗੇਟ ਉੱਤੇ ਹੋਈ ਸਾਂਝੀ ਰੋਸ ਰੈਲੀ ਤੋਂ ਬਾਅਦ ਪੰਜਾਬ ਸਰਕਾਰ, ਬਿਜਲੀ ਮੰਤਰੀ ਅਤੇ ਮੈਨੇਜਮੈਂਟ ਦੀ ਅਰਥੀ ਫੂਕੀ ਗਈ। ਜਿਸ ਬਾਰੇ ਜਾਣਕਾਰੀ ਦਿੰਦਿਆਂ ਟੀਐਸਯੂ ਦੇ ਸੂਬਾ ਜਥੇਬੰਦਕ ਸਕੱਤਰ ਰਘਵੀਰ ਸਿੰਘ ਰਾਮਗੜ੍ਹ ਅਤੇ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਡਵੀਜ਼ਨ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਦੱਸਿਆ ਕਿ ਜੁਆਇੰਟ ਫੋਰਮ, ਬਿਜਲੀ ਏਕਤਾ ਮੰਚ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ, ਪੈਨਸ਼ਨਰਜ ਯੂਨੀਅਨ ਅਤੇ ਗਰਿੱਡ ਯੂਨੀਅਨ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਸੰਘਰਸ਼ ਦਾ ਸੱਦਾ ਦਿੱਤਾ ਗਿਆ ਜਿਸ ਦੀ ਕੜੀ ਤਹਿਤ ਅੱਜ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿੱਚ ਸਾਰੇ ਬਿਜਲੀ ਕਾਮੇਂ ਪਹਿਲਾਂ ਹੀ ਵਰਕ ਟੂ ਰੂਲ ਤਹਿਤ ਕੰਮ ਕਰ ਰਹੇ ਹਨ ਅਤੇ ਅਗਲੇ ਸੰਘਰਸ਼ ਤਹਿਤ 27 ਜੁਲਾਈ ਨੂੰ ਬਿਜਲੀ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜੇਕਰ ਫੇਰ ਵੀ ਮੰਨੀਆਂ ਹੋਈਆਂ ਮੰਗਾਂ ਦੇ ਨੋਟੀਫਿਕੇਸ਼ਨ ਜਾਰੀ ਨਹੀਂ ਕੀਤੇ ਜਾਂਦੇ ਤਾਂ 11, 12 ਅਤੇ 13 ਅਗਸਤ ਨੂੰ ਪੰਜਾਬ ਭਰ ਦੇ ਸਾਰੇ ਬਿਜਲੀ ਕਾਮੇਂ ਸਮੂਹਿਕ ਛੁੱਟੀ ਤੇ ਚਲੇ ਜਾਣਗੇ। ਉਨ੍ਹਾਂ ਦੱਸਿਆ ਕਿ ਔਜਾਰ ਛੱਡੋ ਕਲਮ ਛੱਡੋ ਭਾਵ ਸਮੂਹਿਕ ਛੁੱਟੀ ਤੇ ਜਾਣ ਦਾ ਇਹ ਸੰਘਰਸ਼ ਓਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਾਡੀਆਂ ਮੰਗਾਂ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾਂਦਾ। ਇਸ ਮੌਕੇ ਧਰਮਿੰਦਰ, ਗੌਰਵ ਕੁਮਾਰ, ਕੁਲਵੀਰ ਸਿੰਘ, ਸਰਤਾਜ, ਦੀਪਕ, ਰਾਮਦਾਸ, ਧਰਮਪਾਲ, ਰਮੇਸ਼, ਪ੍ਰਕਾਸ਼, ਕੁਲਦੀਪ ਸਿੰਘ, ਰਾਮ ਅਵਧ, ਬਹਾਦਰ ਸਿੰਘ, ਕਮਲਦੀਪ ਰਣੀਆ, ਰਾਕੇਸ਼, ਜਸਵਿੰਦਰ ਸਿੰਘ, ਜਸਵਿੰਦਰ ਸਿੰਘ ਅਤੇ ਮਹਿਲਾ ਕਰਮਚਾਰੀ ਹਾਜਰ ਸਨ।

# ਬਾਲ ਭਿੱਖਿਆ ਰੋਕੂ ਜ਼ਿਲ੍ਹਾ ਟਾਸਕ ਫੋਰਸ ਵਲੋਂ ਅਚਨਚੇਤ ਚੈਕਿੰਗ

## 2 ਬੱਚੇ ਬਾਲ ਭਿੱਖਿਆ ਤੋਂ ਕਰਵਾਏ ਮੁਕਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਜੁਲਾਈ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਰਹਿਨੁਮਾਈ ਹੇਠ ਪ੍ਰੋਜੈਕਟ ਜੀਵਨਜੋਤ 2 ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਦੁਆਰਾ ਬਾਲ ਭਿੱਖਿਆ ਰੋਕੂ ਜ਼ਿਲ੍ਹਾ ਪੱਧਰੀ ਟਾਸਕ ਫੋਰਮ ਨਾਲ ਅੱਜ ਹੁਸ਼ਿਆਪਰੁਰ ਵਿਚ ਭੰਗੀ ਚੋਅ, ਹਨੂੰਮਾਨ ਮੰਦਿਰ, ਨਵੀ ਅਬਾਦੀ, ਬਹਾਦੁਰਪੁਰ ਚੌਕ, ਸ਼ਿਮਲਾ ਪਹਾੜੀ, ਕਸ਼ਮੀਰੀ ਬਾਜ਼ਾਰ, ਕੋਤਵਾਲੀ ਬਾਜ਼ਾਰ, ਰੇਲਵੇ ਰੋਡ ਵਿਖੇ ਬਾਲ ਭਿੱਖਿਆ ਰੋਕੂ ਰੇਡ ਕੀਤੀ ਗਈ। ਇਸ ਦੌਰਾਨ 2 ਬੱਚੇ ਬਾਲ ਭਿੱਖਿਆ ਤੋਂ ਮੁਕਤ ਕਰਵਾਏ ਗਏ ਅਤੇ ਬਾਲ ਭਲਾਈ ਕਮੇਟੀ ਸਾਹਮਣੇ ਪੇਸ਼ ਕੀਤੇ ਗਏ। ਬਾਲ ਭਲਾਈ ਕਮੇਟੀ ਵਲੋਂ ਬੱਚਿਆਂ ਦੀ ਕੌਂਸਲਿੰਗ ਕੀਤੀ ਗਈ ਅਤੇ ਬੱਚਿਆਂ ਦੀ ਭਲਾਈ ਲਈ ਫੈਸਲਾਂ ਲਿਆ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਨੂੰ ਕੋਈ ਬੱਚਾ ਭੀਖ ਮੰਗਦਾ ਜਾਂ ਬਾਲ ਮਜ਼ਦੂਰੀ ਕਰਦਾ ਹੋਇਆ ਮਿਲਦਾ ਹੈ, ਤਾਂ ਉਸ ਦੀ ਸੂਚਨਾ ਬਾਲ ਹੈਲਪਲਾਈਨ 1098 'ਤੇ ਦਿੱਤੀ ਜਾਵੇ, ਤਾਂ ਜੋ ਤੁਹਾਡੀ ਇਕ ਪਹਿਲ ਕਿਸੇ ਬੱਚੇ ਦੀ ਜ਼ਿੰਦਗੀ ਬਦਲ ਸਕਦੀ ਹੈ। ਉਨ੍ਹਾਂ ਦੱਸਿਆ ਕਿ 0 ਤੋਂ 18 ਸਾਲ ਦੇ ਬੱਚਿਆਂ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸਕੀਮਾਂ ਬਾਰੇ ਜਾਣਕਾਰੀ ਲਈ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਹੁਸ਼ਿਆਰਪੁਰ ਵਿਖੇ ਜਾਂ ਬਾਲ ਹੈਲਪਲਾਈਨ 1098 'ਤੇ ਫੋਨ ਕਰਕੇ ਲਈ ਜਾ ਸਕਦੀ ਹੈ । ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੀ ਰੇਡਸ ਪਹਿਲਾਂ ਵੀ ਹੋ ਰਹੀਆਂ ਹਨ ਅਤੇ ਇਹ ਲਗਾਤਾਰ ਜਾਰੀ ਰਹਿਣਗੀਆਂ। ਜੇਕਰ ਕੋਈ ਮਾਤਾ-ਪਿਤਾ ਬੱਚੇ ਤੋਂ ਬਾਲ ਭਿੱਖਿਆ ਕਰਵਾਉਂਦਾ ਪਾਇਆ ਗਿਆ, ਤਾਂ ਮਾਤਾ-ਪਿਤਾ 'ਤੇ ਵੀ ਕਾਰਵਾਈ ਕੀਤੀ ਜਾਵੇਗੀ । ਬੱਚਿਆਂ ਦੀ ਸੁਰੱਖਿਆ ਅਤੇ ਦੇਖ-ਭਾਲ ਸਬੰਧੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਰਾਮ ਕਲੋਨੀ ਕੈਂਪ ਹੁਸ਼ਿਆਰਪੁਰ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ । ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਨੇ ਦੱਸਿਆ ਕਿ ਵਿਭਾਗ ਵਲੋਂ ਜਾਰੀ ਹਦਾਇਤਾਂ ਅਨੁਸਾਰ ਬੱਚਿਆਂ ਤੋਂ ਭਿਖਿਆ ਮੰਗਵਾਉਣ ਵਾਲੇ ਮਾਤਾ-ਪਿਤਾ ਦਾ ਡੀ.ਐਨ.ਏ ਟੈਸਟ ਕੀਤਾ ਜਾਵੇਗਾ ਅਤੇ ਰਿਪੋਰਟ ਮੈਚ ਨਾ ਕਰਨ 'ਤੇ ਉਨ੍ਹਾਂ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਚੇਅਰਪਰਸਨ ਬਾਲ ਭਲਾਈ ਕਮੇਟੀ ਹਰਜੀਤ ਕੌਰ ਨੇ ਦੱਸਿਆ ਕਿ ਬਾਲ ਭਿੱਖਿਆ ਕਰਵਾਉਣ ਦੇ ਮਾਮਲਿਆਂ ਵਿੱਚ ਹੁਣ ਤੱਕ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵੱਖ-ਵੱਖ ਥਾਣਿਆਂ ਵਿੱਚ ਦੇ ਐਫ.ਆਈ.ਆਰ ਦਰਜ ਕਰਵਾਈਆਂ ਜਾ ਚੁੱਕੀਆਂ ਹਨ। ਇਸ ਰੇਡ ਦੌਰਾਨ, ਮੋਹਿਤ (ਸ਼ੋਸ਼ਲ ਵਰਕਰ) ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਕਿਰਨ, ਥਾਣਾ ਸਿਟੀ ਤੋਂ ਐਸ.ਐਚ.ਓ ਕਿਰਨ ਸਿੰਘ ਅਤੇ ਜਸਵਿੰਦਰ ਸਿੰਘ, ਡਾ. ਸ਼ਾਲਿਨੀ (ਸਿਹਤ ਵਿਭਾਗ) ਅਤੇ ਅਮਿਤ ਕੁਮਾਰ (ਸਿੱਖਿਆ ਵਿਭਾਗ) ਤੋਂ ਮੌਜੂਦ ਸਨ।

# ਸਰਕਾਰੀ ਆਈ.ਟੀ.ਆਈ. ਮਾਨਸਾ ਵਿਖੇ 11 ਟਰੇਡਾਂ ਦੀਆਂ 420 ਸੀਟਾਂ ਲਈ ਦਾਖਲਾ ਸ਼ੁਰੂ

## ਕੋਰਸ ਮੁਕੰਮਲ ਹੋਣ ਉਪਰੰਤ ਵਿਦਿਆਰਥੀਆਂ ਦੀ 100 ਫ਼ੀਸਦੀ ਪਲੇਸਮੈਂਟ ਦਾ ਦਾਅਵਾ,,

"Equality and justice" Patiala 24 July
INTERNATIONAL PAPER, 94636 01616
hardipchumber57@gmail.com

